# ਗੁਰੂ ਅਰਜਨ ਦੇਵ ਜੀ
# (੧੫੬੩-੧੬੦੬, ਗੁਰਗੱਦੀ ੧੫੮੧-੧੬੦੬)

ਗੁਰੂ ਅਰਜਨ ਦੇਵ ਜੀ ਦਾ ਜਨਮ ਅੰਮ੍ਰਿਤਸਰ ਦੇ ਇੱਕ ਛੋਟੇ ਨਗਰ ਗੋਇੰਦਵਾਲ, ਵਿੱਚ ੧੫ ਅਪ੍ਰੈਲ ੧੫੬੩ ਨੂੰ ਹੋਇਆ। ਉਹ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਸਭ ਤੋਂ ਛੋਟੇ ਸਪੁਤਰ ਸਨ। ਬਚਪਨ ਵਿੱਚ ਇੱਕ ਦਿਨ ਉਹ ਗੁਰੂ ਅਮਰਦਾਸ ਜੀ ਦੇ ਪਲੰਘ ਵਲ ਰਿੜ੍ਹਦੇ ਰਿੜ੍ਹਦੇ ਆ ਪੁੱਜੇ। ਗੁਰੂ ਜੀ ਉਸ ਸਮੇਂ ਆਰਾਮ ਕਰ ਰਹੇ ਸੀ। ਮਾਤਾ ਭਾਨੀ ਜੀ ਦੌੜੀ ਆਈ ਬੱਚੇ ਨੂੰ ਚੁੱਕ ਲਿਆਉਣ ਲਈ ਤਾਂ ਜੋ ਗੁਰੂ ਜੀ ਨੂੰ ਬੇਆਰਾਮ ਨ ਕਰੇ। ਪਰ ਬੱਚੇ ਨੇ ਉਸ ਤੋਂ ਪਹਿਲਾਂ ਹੀ ਗੁਰੂ ਜੀ ਨੂੰ ਜਗਾ ਦਿਤਾ ਸੀ। ਉਨ੍ਹਾਂ ਨੇ ਬਚਨ ਕੀਤਾ, ‘‘ਆਉਣ ਦਿਉ ਮੇਰੇ ਕੋਲ, ਇਹ ਮੇਰਾ ਦੋਹਤਾ ਬਾਣੀ ਦਾ ਬੋਹਿਥਾ ਹੋਵੇਗਾ’’ (ਮਨੁੱਖ ਜਾਤੀ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਲਈ ਜਹਾਜ਼)

ਗੁਰੂ ਅਰਜਨ ਦੇਵ ਜੀ ਦਾ ਵਿਆਹ ਜਲੰਧਰ ਜ਼ਿਲ੍ਹੇ ਵਿੱਚ ਫਿਲੌਰ ਦੇ ਨੇੜੇ ਪਿੰਡ ਮਿਉ ਪਿੰਡ ਦੇ ਨਿਵਾਸੀ ਕਿਸ਼ਨ ਚੰਦ ਜੀ ਦੀ ਸਪੁੱਤਰੀ, ਬੀਬੀ ਗੰਗਾ ਨਾਲ ਹੋਇਆ। ਇਹ ੧੫੮੯ ਵਿੱਚ ਹੋਇਆ ਜਦ ਗੁਰੂ ਜੀ ੨੬ ਕੁ ਵਰ੍ਹੇ ਦੇ ਸਨ। ਗੁਰੂ ਰਾਮਦਾਸ ਜੀ ਨੇ ਦੋ ਸਰੋਵਰ, ਸੰਤੋਖਸਰ ਅਤੇ ਅੰਮ੍ਰਿਤਸਰ ਖੁਦਵਾਣੇ ਸ਼ੁਰੂ ਕੀਤੇ ਅਤੇ ਰਾਮਦਾਸਪੁਰ ਨਗਰ ਦੀ ਨੀਂਹ ਰੱਖ। ਆਪਣੇ ਪਿਤਾ ਜੀ ਪਿਛੌਂ ਗੁਰੂ ਅਰਜਨ ਦੇਵ ਜੀ ਨੇ ਦੋਵੇਂ ਸਰੋਵਰ ਮੁਕੰਮਲ ਕਰਨ ਅਤੇ ਨਗਰ ਦੀ ਵਸੋਂ ਵਧਾਉਣ ਦਾ ਕਾਰਜ ਸੰਭਾਲ ਲਿਆ। ਉਹ ਹਰ ਰੋਜ਼ ਜਾ ਕੇ ਕੰਮਾਂ ਦੀ ਨਿਗਰਾਨੀ ਕਰਦੇ ਸੀ।

## ਮਸੰਦਾਂ ਦਾ ਸਿਲਸਿਲਾ :

ਗੁਰੂ ਨਾਨਕ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਸਾਰੇ ਦੇਸ਼ ਵਿੱਚ ਕਈ ਥਾਵਾਂ ’ਤੇ ਸੰਗਤਾਂ ਸਥਾਪਤ ਕੀਤੀਆਂ ਸਨ। ਸਿੱਖਾਂ ਦੇ ਗੁਰੂ ਜੀ ਦੇ ਦਰਸ਼ਨ ਕਰਨ ਲਗਾਤਾਰ ਆਉਣ ਨਾਲ ਸੰਗਤਾਂ ਦਾ ਕੇਂਦਰ ਨਾਲ ਸਬੰਧ ਬਣਿਆ ਰਹਿੰਦਾ ਸੀ। ਗੁਰੂ ਅਮਰਦਾਸ ਜੀ ਦੇ ਸਮੇਂ ਪ੍ਰਚਾਰ ਦਾ ਕੰਮ ਵਧੇਰੇ ਨਿਯਮਬਧ ਅਤੇ ਵਿਧੀ- ਅਨੁਸਾਰ ਹੋਣ ਲੱਗਾ। ਉਨ੍ਹਾਂ ਨੇ ਸਿਖੀ ਦੇ ਇਸ ਅਧਿਆਤਮਕ ਰਾਜ ਨੂੰ ਬਾਈ ਮੰਜੀਆਂ ਵਿੱਚ ਵੰਡ ਦਿਤਾ। ਗੁਰੂ ਰਾਮਦਾਸ ਜੀ ਨੇ ਪ੍ਰਚਾਰਕਾਂ ਦੇ ਇੱਕ ਨਵੇਂ ਪ੍ਰਬੰਧ ਦਾ ਕੇਂਦਰ-ਬਿੰਦੂ ਮਸੰਦਾਂ ਦੇ ਨਾਮ ਦਾ ਸਥਾਪਤ ਕੀਤਾ। ‘ਮਸੰਦ’ ਸ਼ਬਦ ਜਾਪਦਾ ਹੈ ‘ਮਸ-ਨਦ’ ਤੋਂ ਨਿਕਲਿਆ ਜੋ ‘ਮਸਨਦੀ-ਅਲੀ’, ਅਰਥਾਤ (His Excellency) (ਸਰਵੋਤਮ ਸ੍ਰੀ ਮਾਨ) ਦਾਸੰਖੇਪ ਰੂਪ ਸੀ, ਜੋ ਪਦਵੀ ਮੁਗਲ ਰਾਜ ਦੇ ਗਵਰਨਰਾਂ ਲਈ ਵਰਤੀ ਜਾਂਦੀ ਸੀ। ਇਸ ਨਵੇਂ ਪ੍ਰਬੰਧ ਦੇ ਮਨੋਰਥ ਸਿੱਖ ਧਰਮ ਦਾ ਪ੍ਰਸਾਰ ਤੇਜ਼ ਗਤੀ ਨਾਲ ਕਰਨਾ ਅਤੇ ਰਾਮਦਾਸ ਪੁਰ ਦੇ ਸਰੋਵਰਾਂ ਅਤੇ ਨਗਰ ਦੀ ਉਸਾਰੀ ਲਈ ਮਾਇਆ ਇਕੱਠੀ ਕਰਨਾ ਸਨ। ਗੁਰੂ ਅਰਜਨ ਦੇਵ ਜੀ ਨੇ ਮਸੰਦਾਂ ਦਾ ਨਵੇਂ ਸਿਰਿਉਂ ਪ੍ਰਬੰਧ ਕੀਤਾ। ਉਨ੍ਹਾਂ ਨੇ ਨਵੇਂ ਈਮਾਨਦਾਰ ਅਤੇ ਸੁਹਿਰਦ ਮਸੰਦ ਨੀਯਤ ਕੀਤੇ ਜੋ ਸਿੱਖਾਂ ਦੇ ਸੰਸਾਰਕ ਅਤੇ ਅਧਿਆਤਮਕ ਦੋਹਾਂ ਤਰ੍ਹਾਂ ਦੇ ਮਾਮਲਿਆਂ ਵਿੱਚ ਸਹਾਇਤਾ ਕਰਦੇ। ਮਸੰਦ ਸਿੱਖਾਂ ਤੋਂ ਦਸਵੰਧ ਵੀ ਇਕੱਠਾ ਕਰਦੇ ਜੋ ਗੁਰੂ ਦੀ ਗੋਲਕ ਵਿੱਚ ਸਿੱਖ ਮੰਦਰਾਂ ਦੀ ਸੰਭਾਲ ਵਾਸਤੇ ਪਾਇਆ ਜਾਂਦਾ ਸੀ।

ਕਈ ਲੇਖਕਾਂ ਦਾ ਵਿਚਾਰ ਹੈ ਕਿ ਦਸਵੰਧ ਮਜ਼ਬੂਰਨ ਲਿਆ ਜਾਂਦਾ ਸੀ। ਦਸਵੰਧ ਕਦੇ ਵੀ ਜ਼ੋਰ ਪਾ ਕੇ ਇਕੱਠ ਨਹੀਂ ਕੀਤਾ ਜਾਂਦਾ ਸੀ, ਨਾ ਹੀ ਕੋਈ ‘ਟੈਕਸ’ ਸਮਝਿਆ ਜਾਂਦਾ ਸੀ। ਜੋ ਕੁਝ ਵੀ ਸਿੱਖ ਭੇਟਾ ਕਰਦੇ ਸਨ, ਜਾਂ ਅਜਕਲ੍ਹ ਵੀ ਕਰਦੇ ਹਨ,ਉਹ ਪੂਰੀ ਤਰ੍ਹਾਂ ਆਪਣੀ ਮਰਜ਼ੀ, ਪ੍ਰੇਮ ਅਤੇ ਸ਼ਰਧਾ ਨਾਲ ਹੁੰਦਾ ਸੀ।

ਮਸੰਦਾਂ ਨੂੰ ਅੰਮ੍ਰਿਤਸਰ ਹਰ ਵਰ੍ਹੇ ਵੈਸਾਖੀ ਦੇ ਮੌਕੇ ਤੇ ਆ ਕੇ ਗੁਰੂ ਜੀ ਤੋਂ ਆਦੇਸ਼ ਲੈਣ ਅਤੇ ਇਕੱਠਾ ਕੀਤਾ ਹੋਇਆ ਸਾਰਾ ਦਸਵੰਧ ਦੇ ਜਾਣਾ ਹੁੰਦਾ ਸੀ। ਇਹਨਾਂ ਭੇਟਾਵਾਂ ਦਾ ਬਾਕਾਇਦਾ ਹਿਸਾਬ ਰੱਖਿਆ ਜਾਂਦਾ ਸੀ ਅਤੇ ਰਸੀਦਾਂ ਦਿਤੀਆਂ ਜਾਂਦੀਆਂ ਸਨ।

ਮਾਇਕ ਸੇਵਾ ਤੋਂ ਅਲੱਗ ਮਸੰਦ ਸ਼ਕਤੀਸ਼ਾਲੀ ਪ੍ਰਚਾਰਕ ਸਨ। ਸਿਖੀ ਵਿੱਚ ਪ੍ਰਵੇਸ਼ ਕਰਨ ਲਈ ਪ੍ਰਮਾਣਕ ਚਰਨਾਮ੍ਰਿਤ ਉਹ ਸੀ ਜੋ ਗੁਰੂ ਜੀ ਆਪ ਬਖਸ਼ਦੇ ਸਨ। ਪਰ ਕਿਉਂਕਿ ਗੁਰੂ ਜੀ ਲਈ ਸਰੀਰਕ ਤੌਰ ਤੇ ਹਰ ਥਾਂ ਹੋਣਾ ਸੰਭਵ ਨਹੀਂ ਸੀ, ਹਰੇਕ ਥਾਂ ਤੇ ਮਸੰਦਾਂ ਨੂੰ ਅਧਿਕਾਰ ਦਿਤਾ ਗਿਆ ਸੀ ਕਿ ਸਿੱਖ ਸੰਗਤ ਵਿੱਚ ਨਵੇਂ ਸਿਖਾ ਦੇ ਪ੍ਰਵੇਸ਼ ਵਾਸਤੇ ਮਸੰਦ ਆਪ ਹੀ ਪ੍ਰਵਾਲਤ ਵਿਧੀ ਅਨੁਸਾਰ ਤਿਆਰ ਕਰਕੇ ਚਰਨਾਮ੍ਰਿਤ ਦੇ ਦਿਆ ਕਰਨ। ਇਸ ਨੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਨੂੰ ਸਿਖੀ ਧਾਰਨ ਕਰਨ ਲਈ ਆਕਰਸ਼ਤ ਕੀਤਾ। ਗੁਰੂ ਅਰਜਨ ਦੇਵ ਜੀ ਦੇ

ਸਮੇਂ ਭਾਰਤ ਵਿੱਚ ਘੱਟ ਹੀ ਕੋਈ ਥਾਂਸੀ ਜਿਥੇ ਗੁਰਸਿਖ ਨਾ ਹੋਣ। ਮਸੰਦਾਂ ਨੇ ਦੇਸ਼ ਦੇ ਕੋਨੇ ਕੋਨੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਬੜੀ ਕਰੜੀ ਮਿਹਨਤ ਕੀਤੀ।

## ਉਸਾਰੀ ਦੇ ਕਾਰਜ ਸੰਪੂਰਨ ਹੋਏ :

ਗੁਰੂ ਜੀ ਨੇ ਸੰਤੋਖਸਰ ਅਤੇ ਅੰਮ੍ਰਿਤਸਰ ਸਰੋਵਰਾਂ ਦੀ ਖੁਦਾਈ ਦਾ ਰਹਿ ਗਿਆ ਕੰਮ ਪੂਰਾ ਕੀਤਾ। ਭਾਈ ਬੁੱਢਾ ਜੀ ਸਭ ਤੋਂ ਵਧ ਭਰੋਸੇਯੋਗ ਗੁਰਸਿੱਖ ਹੋਣ ਕਕਰੇ ਉਨ੍ਹਾਂ ਨੂੰ ਉਸਾਰੀ ਦੇ ਕੰਮਾਂ ਦੀ ਨਿਗਰਾਨੀ ਕਰਨ ਲਈ ਨੀਅਤ ਕੀਤਾ ਗਿਆ ਸੀ। ਸੰਤੋਖਸਰ ੧੫੮੭-੮੯ ਵਿੱਚ ਪੂਰਾ ਹੋਇਆ। ਅੰਮ੍ਰਿਤ ਦੇ ਸਰੋਵਰ ਦਾ ਕੰਮ ਪੂਰਾ ਹੋਣ ਤੇ ਗੁਰੂ ਜੀ ਨੇ ਹਰਿਮੰਦਰ ਦੀ ਨੀਂਹ ਸਰੋਵਰ ਦੇ ਕੇਂਦਰ ਵਿੱਚ ਰੱਖੀ। ਇਸ ਹਰਿਮੰਦਰ ਨੂੰ ਅੱਜਕਲ੍ਹ ਅੰਗ੍ਰੇਜ਼ੀ ਵਿੱਚ (Golden Temple) (ਸੁਨਹਿਰੀ ਮੰਦਰ) ਸਦਦੇ ਹਨ। ਕਿਹਾ ਜਾਂਦਾ ਹੈ ਕਿ ਸਿੱਖਾਂ ਨੇ ਗੁਰੂ ਜੀ ਜੋਗ ਇੱਛਾ ਪ੍ਰਗਟ ਕੀਤੀ ਕਿ ਹਰਿਮੰਦਰ ਦਾ ਭਵਨ ਆਲੇ ਦੁਆਲੇ ਦੀਆਂ ਇਮਾਰਤਾਂ ਨਾਲੋਂ ਸਭ ਤੋਂ ਉਚਾ ਹੋਣਾ ਚਾਹੀਦਾ ਹੈ। ਗੁਰੂ ਜੀਨੇ ਸਮਝਾਇਆ ਕਿ, "ਹਰਿਮੰਦਰ ਸਭ ਤੋਂ ਨੀਵਾਂ ਹੋਣਾ ਚਾਹੀਦਾ ਹੈ ਕਿਉਂਕਿ ਜੋ ਨੀਊਂਦਾ ਹੈ ਉਹੀ ਗਉਰਾ (ਭਾਰਾ, ਵੱਡਾ) ਹੁੰਦਾ ਹੈ। ਇੱਕ ਬਿਰਧ ਜਿੰਨਾਂ ਵਧੇਰੇ ਫਲ ਨਾਲ ਭਰਿਆ ਹੋਵੇਗਾ ਉਤਨੀਆਂ ਵਧੇਰੇ ਉਸਦੀਆਂ ਟਾਹਣੀਆਂ ਧਰਤੀ ਵੱਲ ਝੁਕਣਗੀਆਂ।"

ਮੀਆਂ ਮੀਰ, ਇੱਕ ਪ੍ਰਸਿੱਧ ਮੁਸਲਮਾਨ ਮਹਾਤਮਾ, ਗੁਰੂ ਜੀ ਦਾ ਮਿੱਤਰ ਅਤੇ ਸ਼ਰਧਾਲੂ ਸੀ। ਗੁਰੂ ਜੀ ਨੇ ਉਸ ਨੂੰ ਹਰਿਮੰਦਰ ਦੀ ਨੀਂਹ ਰੱਖਣ ਲਈ ਕਿਹਾ। ਇਸ ਤਰ੍ਹਾਂ ਹਰਿਮੰਦਰ ਦੀ ਨੀਂਹ ਮੀਆਂ ਮੀਰ ਨੇ ਜਨਵਰੀ ੧੫੮੯ ਵਿੱਚ ਰੱਖੀ। ਮੁਖੀ ਰਾਜ ਮਿਸਤਰੀ ਨੇ ਨੀਂਹ ਵਾਲੀ ਇਟ ਠੀਕ ਥਾਂ ਤੇ ਕਰਨ ਲਈ ਕੁਝ ਸਰਕਾ ਦਿਤੀ। ਇਸ ਤੇ ਗੁਰੂ ਜੀ ਨੇ ਭਵਿਖਵਾਣੀ ਕੀਤੀ, "ਕਿਉਂਕਿ ਰਾਜ ਮਿਸਤਰੀ ਨੇ ਨੀਂਹ ਦੀ ਇਟ ਆਪਣੀ ਥਾਂ ਤੋਂ ਹਿਲਾ ਦਿਤੀ ਹੇ, ਹਰਿਮੰਦਰ ਦੀ ਨੀਂਹ ਦੀ ਇਟ ਆਉਣ ਵਾਲੇ ਸਮੇਂ ਵਿੱਚ ਮੁੜ ਰੱਖੀ ਜਾਵੇਗੀ।" ਗੁਰੂ ਜੀ ਦੀ ਭਵਿੱਖਵਾਣੀ ਪੂਰੀ ਹੋਈ ਜਦ ਅਹਿਮਦ ਸ਼ਾਹ ਅਬਦਾਲੀ ਨੇ ੧੭੬੩ ਵਿੱਚ ਹਰਿਮੰਦਰ ਢਾਹ ਦਿਤਾ ਅਤੇ ਸਰੋਵਰ ਦੀ ਬੇਅਦਬੀ ਕਰ ਦਿਤੀ ਸੀ। ਪਰ ਦੋ ਵਰ੍ਹੇ ਪਿਛੋਂ ਖਾਲਸੇ ਦੀਆਂ ਮਹਾਨ ਫੌਜਾਂ ਨੇ ਹਰਿਮੰਦਰ ਉਤੇ ਕਾਬੂ ਪਾ ਲਿਆ ਅਤੇ ਹਰਿਮੰਦਰ ਦੀ ਨੀਂਹ ਦੂਜੀ ਵਾਰ ਰਖੀ ਅਤੇ ਉਸਾਰੀ ਕੀਤੀ।

ਹਿੰਦੂ ਮੰਦਰ ਤਿੰਨ ਪਾਸਿਆਂ ਤੋਂ ਬੰਦ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਜਾਣ ਵਾਸਤੇ ਆਮ ਤੌਰ ਤੇ ਪੂਰਬ ਵਾਲੇ ਪਾਸੇ ਵਲੋਂ ਦਰਵਾਜ਼ਾ ਹੁੰਦਾ ਹੈ, ਜਦ ਕਿ ਮੁਸਲਮਾਨਾਂ ਦੀਆਂ ਮਸਜਿਦਾਂ ਵਿੱਚ ਪ੍ਰਵੇਸ਼ ਦੁਆਰ ਪੱਛਮ ਵਲ ਹੁੰਦੇ ਹਲ। ਸਿੱਖਾਂ ਦੇ ਪਵਿੱਤਰ ਅਸਥਾਨ ਹਰਿਮੰਦਰ ਦੇ ਚਾਰੇ ਪਾਸੇ ਹੀ ਅੰਦਰ ਆਉਣ ਦੇ ਦਰਵਾਜ਼ੇ ਸਨ। ਇਸ ਦਾ ਭਾਵ ਸੀ ਕਿ ਅਕਾਲ ਪੁਰਖ ਸਭ ਤਰਫ ਹੈ; ਅਤੇ ਦੂਜਾ, ਦਰਵਾਜੇ ਚਾਰ ਪਾਸੇ (ਪੂਰਬ, ਪੱਛਮ, ਉਤਰ, ਦੱਖਣ) ਹੋਣ ਦਾ ਮਤਲਬ ਸੀ ਕਿ ਚਾਰੇ ਜਾਤਾਂ ਦੇ ਲੋਕ ਬਰਾਬਰ ਤੌਰ ਤੇ ਹਰਿਮੰਦਰ ਵਿੱਚ ਜਾ ਸਕਦੇ ਹਨ।ਜਦ ਹਿੰਦੂਆਂ ਦੇ ਮੰਦ੍ਰਾਂ ਵਿੱਚ ਕੇਵਲ ਚੁਣੇ ਮਿਥੇ ਸ਼੍ਰੇਣੀਆਂ ਦੇ ਲੋਕ ਜਾ ਸਕਦੇ ਸਨ, ਹਰਿਮੰਦਰ ਸਭ ਲਈ ਖੁਲ੍ਹਾ ਹੈ ਜੋ ਵੀ ਪ੍ਰਭੂ ਭਗਤੀ ਕਰਨੀ ਚਾਹੁੰਦਾ ਹੈ। ਮੁਸਲਿਮ ਮਸਜਦਾਂ ਕੇਵਲ ਮੁਸਲਮਾਨ ਪੁਰਸ਼ਾਂ ਲਈ ਖੁਲ੍ਹੀਆਂ ਸਨ, ਪਰ ਹਰਿਮੰਦਰ ਵਿੱਚ ਸਭ ਪੁਰਸ਼, ਇਸਤਰੀਆਂ ਅਤੇ ਬੱਚੇ, ਬਿਨਾਂ ਜਾਤ, ਮਤ, ਨਸਲ, ਰੰਗ, ਧਰਮ ਜਾਂ ਕੌਮ ਦੇ ਭੇਦਭਾਵ ਤੋਂ ਜਾ ਸਕਦੇ ਸਨ। ਹਰਿਮੰਦਰ ਦੇ ਅੰਦਰ (ਗੁਰੂ) ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ ਗਈ।

ਜਦ ਸਰੋਵਰ ਅਤੇ ਹਰਿਮੰਦਰ ਸੰਪੂਰਨ ਹੋਏ ਤਾਂ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਿਆ :

"ਵਿਚਿ ਕਰਤਾ ਪੁਰਖੁ ਖਲੋਆ।ਵਾਲੁ ਨ ਵਿੰਗਾ ਹੋਆ।<br>
ਮਜਨੁ ਗੁਰ ਆਂਦਾ ਰਾਸੇ। ਜਪਿ ਹਰਿ ਹਰਿ ਕਿਲਵਿਖ ਨਾਸੇ।<br>
ਸੰਤਹੁ ਰਾਮਦਾਸ ਸਰੋਵਰੁ ਨੀਕਾ।<br>
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ। ਰਹਾਉ।<br>
ਜੈਜੈਕਾਰੁ ਜਗੁ ਗਾਵੈ। ਮਨਿ ਚਿੰਦਿਅੜੇ ਫਲ ਪਾਵੈ।<br>
ਸਹੀ ਸਲਾਮਤਿ ਨਾਇ ਆਏ। ਅਪਣ ਪ੍ਰਭੂ ਧਿਆਏ।<br>
ਸੰਤ ਸਰੋਵਰ ਨਾਵੈ। ਸੋ ਜਨੁ ਪਰਮ ਗਤਿ ਪਾਵੈ।<br>
ਮਰੈ ਨ ਆਵੈ ਜਾਈ। ਹਰਿ ਹਰਿ ਨਾਮੁ ਧਿਆਈ।<br>
ਇਹੁ ਬ੍ਰਹਮ ਬਿਚਾਰੁ ਸੁ ਜਾਨੈ। ਜਿਸੁ ਦਇਆਲੁ ਹੋਇ ਭਗਵਾਨੈ।<br>
ਬਾਬਾ ਨਾਨਕ ਪ੍ਰਭ ਸਰਣਾਈ। ਸਭ ਚਿੰਤਾ ਗਣਤ ਮਿਟਾਈ।"

(ਸੋਰਠ ਮਹਲਾ ੫, ਪੰਨਾ ੬੨੩)



ਨੋਟ : ਇਥੇ ਇਹ ਦੱਸ ਦੇਣਾ ਚਾਹੀਦਾ ਹੈ ਕਿ ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਕੇਵਲ ਇਸ਼ਨਾਨ ਕਰ ਲੈਣ ਨਾਲ ਇੱਛਮ ਮੁਕਤੀ ਨਹੀਂ ਮਿਲ ਸਕਦੀ। ਇਸ ਸ਼ਬਦ ਦਾ ਭਾਵ ਯਾਤਰਾ ਅਤੇ ਇਸ਼ਨਾਨ ਦੀ ਰੀਤ ਤੋਂ ਹੀ ਨਾ ਲਿਆ ਜਾਵੇ।ਸਿੱਖ ਧਰਮ ਇਹੋ ਜਿਹੇ ਰਸਮਾਂ ਰੀਤਾਂ ਦੀ ਨਿਖੇਧੀ ਕਰਦਾ ਹੈ। ਅਸਲ ਵਿੱਚ ਅੰਮ੍ਰਿਤਸਰ ਤੋਂ ਦੋ ਸਰੋਵਰਾਂ ਦਾ ਭਾਵ ਹੈ, ਇੱਕ ਅੰਦਰਲਾ ਸਰੋਵਰ ਹੈ, ਅਤੇ ਇੱਕ ਬਾਹਰਲਾ। ਬਾਹਰਲਾ ਸਰੋਵਰ ਜਲ ਨਾਲ ਭਰਿਆ ਹੋਇਆ ਹੈ। ਗੁਰਸਿੱਖਾਂ ਦਾ ਇਹ ਨੇਮ ਹੈ ਕਿ ਸਵੇਰੇ ਇਸ਼ਨਾਨ ਕਰਕੇ ਆਪਣੇ ਸਰੀਰ ਨੂੰ ਸਾਫ ਅਤੇ ਸਵੱਛ ਕਰੇ, "ਗੁਰੂ ਦਰਬਾਰ ਵਿੱਚ" ਹਾਜ਼ਰ ਹੋਣ ਤੋਂ ਪਹਿਲਾਂ,ਅਰਥਾਤ ਨਾਮ ਸਿਮਰਨ ਕਰਨ ਤੋਂ ਪਹਿਲਾਂ। ਇਸਤਰ੍ਹਾਂ ਅੰਮ੍ਰਿਤਸਰ ਵਿੱਚ ਬਾਹਰਲਾ ਸਰੋਵਰ ਇਹੀ ਮਨੋਰਥ ਪੂਰਾ ਕਰਦਾ ਹੈ। ਗੁਰਸਿਖ ਦਾ ਕਾਰਜ ਇਥੇ ਹੀ ਨਹੀਂ ਪੂਰਾ ਹੋ ਜਾਂਦਾ। ਗੁਰੂ ਅਮਰਦਾਸ ਜੀ ਨੇ ਇਸ ਦੀ ਪੁਸ਼ਟੀ ਕੀਤੀ ਹੈ :

"ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ।"

(ਵਡਹੰਸੁ ਮਹਲਾ ੩, ਪੰਨਾ ੫੫੮)

ਫਿਰ ਦੂਜਾ ਸਰੋਵਰ, ਅੰਦਰਲਾ ਸਰੋਵਰ ਹੈ ਜੋ ਹਰਿ ਦਾ ਮੰਦਰ ਹੈ। ਇਹ ਸਰੋਵਰ ਹੈ 'ਗੁਰਬਾਣੀ'—ਗੁਰੂ ਗ੍ਰੰਥ ਸਾਹਿਬ ਜੋ ਅਕਾਲ ਪੁਰਖ ਦੀ ਵਡਿਆਈ ਗਾਇਨ ਅਤੇ ਅਰਾਧਨਾ-ਨਾਮ-ਨਾਲ ਭਰਪੂਰ ਹੈ। ਬਾਹਰਲੇ ਸਰੋਵਰ ਵਿੱਚ ਇਸ਼ਨਾਨ ਕਰਕੇ ਗੁਰਸਿਖ ਅੰਦਰਲੇ ਸਰੋਵਰ ਵਿੱਚ ਜਾ ਕੇ ਨਾਮ ਦੇ ਸਰੋਵਰ ਵਿੱਚ ਆਪਣੇ ਔਗਣਾਂ ਭਰੇ ਮਨ ਨੂੰ ਸਾਫ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਯੇ ਨੂੰ ਤੀਰਥ ਯਾਤਰਾ ਕਿਹਾ ਹੈ :

"ਤੀਰਥਿ ਨਾਵਣ ਜਾਉ ਤੀਰਥ ਨਾਮੁ ਹੈ।"

(ਧਨਾਸਰੀ ਮਹਲਾ ੧, ਛੰਤ, ਪੰਨਾ ੬੮੭)

ਬਾਹਰਲਾ ਸਾਰਾ ਸਰੋਵਰ ਅੰਮ੍ਰਿਤ ਪਾਣੀ ਨਾਲ ਭਰਿਆ ਹੋਇਆ ਹੈ। ਉਸ ਵਿੱਚ ਇਸ਼ਨਾਨ ਕਰਕੇ ਬਾਹਰਲਾ ਜਿਸਮ ਸਾਫ ਕਰਨਾ ਹੈ (ਹੁੰਦਾ ਹੈ)। ਉਸ ਤੋਂ ਬਾਦ ਸਰੋਵਰ ਦੇ ਐਨ ਸੈਂਟਰ ਵਿੱਚ ਅੰਦਰਲਾ ਸਰੋਵਰ ਹੈ- ਉਹ ਹੈ ਗੁਰੂ ਗ੍ਰੰਥ ਸਾਹਿਬ (ਨਾਮੁ ਬਾਣੀ) ਦਾ ਪ੍ਰਕਾਸ਼। ਉਸ ਵਿੱਚ ਅਪਣੇ ਮਨ ਰੂਪੀ ਸਰੀਰ ਨੂੰ ਇਸ਼ਨਾਨ ਕਰਾਉਣਾ ਹੈ ਅਸਲੀ ਇਸ਼ਨਾਨ ਇਹ ਹੈ।

ਨਾਮ ਤੋਂ ਬਿਨਾਂ ਪਾਣੀ ਵਿੱਚ ਅਣਗਿਣਤ ਵਾਰ ਇਸ਼ਨਾਨ ਕਰਨ ਨਾਲ ਨਿਸਤਾਰਾ ਨਹੀਂ ਹੋਵੇਗਾ। ਨਾਮ ਦੇ ਅੰਦਰਲੇ ਸਰੋਵਰ ਵਿੱਚ ਮਨ ਦੀ ਮੈਲ ਧੋਣਾ ਅਧਿਆਤਮਕ ਪ੍ਰਗਤੀ ਵਾਸਤੇ ਸਭ ਤੋਂ ਪਹਿਲੀ ਜ਼ਰੂਰਤ ਹੈ। ਇਹ ਅਧਿਆਤਮਕ ਚੇਤਨਤਾ ਵਿੱਚ ਪ੍ਰਪੱਕ ਕਰਨ, ਅਤੇ ਸਦੀਵੀ ਪ੍ਰਕਾਸ਼ ਦੇ ਰਾਹ ਵਲ ਲੈ ਜਾਣ ਲਈ ਸਹਾਇਤਾ ਕਰਦਾ ਹੈ। ਗੁਰਸਿਖ ਆਪਣਾ ਅੰਦਰਲਾ ਤੇ ਬਾਹਰਲਾ ਸਾਫ ਕਰਕੇ ਨਾਮ ਦੀ ਵਡਿਆਈ ਦਾ ਅਨੁਭਵ ਕਰ ਲੈਂਦਾ ਅਤੇ ਸਦੀਵੀ ਆਤਮਕ ਸੁਖ ਦੀ ਅਵਸਥਾ ਵਿੱਚ ਪੁੱਜ ਜਾਂਦਾ ਹੈ ਅਤੇ ਅਕਾਲ ਪੁਰਖ ਵਿੱਚ ਸਮਾ ਜਾਂਦਾ ਹੈ। ਜਿਵੇਂ ਜੀਵਨ ਬਿਨਾਂ ਸਰੀਰ ਮੁਰਦਾ ਹੈ, ਇਸੇ ਤਰ੍ਹਾਂ ਨਾਮ ਬਿਨਾਂ ਜੀਵਨ ਭੀ ਮ੍ਰਿਤਕ ਹੈ।

## ਸੋ ਅੰਮ੍ਰਿਤਸਰ ਕੀਹ ਹੈ ?

ਜਦੋਂ ਅੰਮ੍ਰਿਤਸਰ ਸ਼ਹਿਰ ਦਾਕੋਈ ਨਿਸ਼ਾਨ ਨਹੀਂ ਸੀ, ਤਦ ਵੀ ਗੁਰੂ ਨਾਨਕ ਦੇਵ ਜੀ ਆਪਣੇ ਸ਼ਰਧਾਲੂਆਂ ਸਿੱਖਾਂ ਨੂੰ ਅੰਮ੍ਰਿਤਸਰ ਵਿੱਚ ਇਸ਼ਨਾਨ ਕਰਨ ਲਈ ਉਪਦੇਸ਼ ਦਿੰਦੇ ਸਨ :

(ੳ) "ਬਿਖਿਆ ਮਲੁ ਜਾਇ ਅੰਮ੍ਰਿਤਸਰ ਨਾਵਹੁ ਗੁਰ ਸਰ ਸੰਤੋਖੁ ਪਾਇਆ।"

(ਮਾਰੂ ਮਹਲਾ ੧, ਪੰਨਾ ੧੦੪੩)

(ਅ) "ਗੁਰੁ ਸਾਗਰੁ ਅੰਮ੍ਰਿਤਸਰ ਜੋ ਇਛੇ ਸੋ ਫਲੁ ਪਾਏ।"

(ਮਾਰੂ ਮਹਲਾ ੧, ਪੰਨਾ ੧੦੧੧-੧੨)

(ੲ) "ਅੰਤਰੁ ਨਿਰਮਲੁ ਅੰਮ੍ਰਿਤਸਰਿ ਨਾਏ।"

(ਆਸਾ ਮਹਲਾ ੩, ਪੰਨਾ ੩੬੩)

(ਸ) "ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤਸਰਿ ਨਾਤਾ।"

(ਮਹਲਾ ੩, ਪਉੜੀ, ਪੰਨਾ ੫੧੦)

(ਹ) "ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤਸਰਿ ਤੀਰਥਿ ਨਾਇ।"

(ਮਹਲਾ ੩, ਪੰਨਾ ੫੮੭)

ਉਪਰ ਦਿਤੀਆਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਦੀਆਂ ਤੁਕਾਂ ਵਿੱਚ ਅੰਮ੍ਰਿਤਸਰ ਕਿਹਾ ਹੈ ਜਦ ਕਿ ਅੰਮ੍ਰਿਤਸਰ ਸ਼ਹਿਰ ਜਾਂ ਸਰੋਵਰ ਦਾ ਕਿਤੇ ਨਿਸ਼ਾਨ ਵੀ ਨਹੀਂ ਸੀ। ਇਸ ਦਾ ਭਾਵ ਹੈ, ਜਿਵੇਂ ਇਸ ਦਾ ਅਸਲ ਅਤੇ ਸ਼ਬਦਕ ਅਰਥ ਹੈ, ਅੰਮ੍ਰਿਤ ਦਾ ਸਰੋਵਰ, ਜੋ ਇਲਾਹੀ ਗੁਰਬਾਣੀ ਹੈ। ਸੋ ਅੰਮ੍ਰਿਤਸਰ ਦੀ ਯਾਤਰਾ ਦਾ ਭਾਵ ਹੈ ਆਪਣੇ ਮਨ ਵਿੱਚ ਅਕਾਲ ਪੁਰਖ ਦੇ ਨਾਮ ਦੀ ਯਾਤਰਾ। ਬਿਨਾਂ ਨਾਮ, ਸੈਂਕੜੇ ਇਸ਼ਨਾਨ ਮਨ ਦੀ ਮੈਲ ਨਹੀਂ ਕੱਢ ਸਕਦੇ ਅਤੇ ਇਸ ਕਰਕੇ ਨਿਸਤਾਰਾ ਨਹੀਂ ਪ੍ਰਾਪਤ ਹੋ ਸਕਦਾ :

"ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।"

(ਸਿਰੀ ਰਾਗ ਮਹਲਾ ੩, ਪੰਨਾ ੩੯)

ਗੁਰੂ ਜੀ ਬਚਨ ਕਰਦੇ ਹਨ ਕਿ ਨਾਮ ਤੋਂ ਬਿਨਾਂ, ਹੋਰ ਸਾਰੇ ਕਾਰਜ ਆਪਣੇ ਨਿਸਤਾਰੇ ਵਾਸਤੇ, ਨਿਸਫਲ ਹਨ :

"ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ।"

(ਪ੍ਰਭਾਤੀ ਮਲਾ ੧, ਪੰਨਾ ੧੩੪੩)

ਸਰੋਵਰ ਅਤੇ ਹਰਿਮੰਦਰ ਦੇ ਕਾਰਜ ਸੰਪੂਰਨ ਹੋ ਜਾਣ ਤੇ ਬਡੀਆਂ ਖੁਸ਼ੀਆਂ ਮਨਾਈਆਂ ਗਈਆਂ। ਸਿੱਖਾਂ ਨੇ ਭਾਰੀ ਘਾਲਣਾ ਅਤੇ ਕੁਰਬਾਨੀਆਂ ਕੀਤੀਆਂ ਸਨ, ਇਸ ਸਾਰੇ ਕਾਰਜ ਦੀ ਸੇਵਾ ਕਰਦਿਆਂ। ਗੁਰੂ ਜੀ ਨੇ ਉਹਨਾਂ ਸਾਰੇ ਸਿੱਖਾਂ ਨੂੰ ਮਾਣ ਬਖਸ਼ਿਆ ਜਿਹਨਾਂ ਨੇ ਦੋਹਾਂ ਕਾਰਜਾਂ ਦੀ ਸੰਪੂਰਨਤਾ ਯਕੀਨੀ ਬਣਾਉਣ ਲਈ ਪੂਰੀ ਲਗਨ ਨਾਲ ਤਨੋ ਮਨੋ ਸੇਵਾ ਕੀਤੀ ਸੀ। ਇਹਨਾਂ ਗੁਰਸਿੱਖਾਂ ਵਿਚੋਂ ਪ੍ਰਮੁਖ ਸਨ ਭਾਈ ਬੁੱਢਾ ਜੀ, ਭਾਈ ਭਗਤੂ, ਭਾਈ ਬਾਹਲਾ, ਭਾਈ ਕਲਿਆਨਾ, ਭਾਈ ਅਜਬ, ਭਾਈ ਅਜੈਬ, ਭਾਈ ਉਮਰ ਸ਼ਾਹ, ਭਾਈ ਸਾਂਘੋ, ਭਾਈ ਸਾਲ੍ਹੋ ਅਤੇ ਭਾਈ ਜੇਠਾ। ਭਾਈ ਬੱਢਾ ਜੀ ਨੂੰ ਹਰਿਮੰਦਰ ਸਾਹਿਬ ਦੀ ਜ਼ਿੰਮੇਵਾਰੀ ਸੌਂਪੀ ਗਈ। ਭਾਈ ਭਗਤੂ ਨੂੰ ਮਾਲਵਾ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਨੀਯਤ ਕੀਤਾ ਅਤੇ ਭਾਈ ਸਾਲ੍ਹੋ ਨੂੰ ਸ਼ਹਿਰ ਦਾ ਸੰਚਾਕਲ ਥਾਪਿਆ ਜੋ ਸ਼ਹਿਰ ਦਾ ਵਿਕਾਸ ਹੋ ਜਾਣ ਪਿਛੋਂ ਸ਼ਹਿਰ ਦੀ ਦੇਖਭਾਲ ਕਰੇ। ਰਾਮਦਾਸਪੁਰ ਸ਼ਹਿਰ ਕੁਝ ਸਮਾਂ ਲੰਘਣ ਤੇ ਅੰਮ੍ਰਿਤਸਰ ਕਹਾਉਣ ਲੱਗਾ। ਇਥੇ ਗੁਰੂ ਜੀ ਦਾ ਨਿਵਾਸ ਹੋਣ ਅਤੇ ਭਜਨ ਬੰਦਗੀ ਦਾ ਕੇਂਦਰੀ ਸਥਾਨ ਹੋਣ ਕਰਕੇ, ਅੰਮ੍ਰਿਤਸਰ ਸਾਰੇ ਗੁਰਸਿਖਾਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ।

## ਪ੍ਰਿਥੀਚੰਦ ਦਾ ਵੈਰ ਭਾਵ :

ਜਿਵੇਂ ਪਿਛਲੇ ਕਾਂਡ ਵਿੱਚ ਦੱਸਿਆ ਸੀ, ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰ ਪ੍ਰਿਥੀਚੰਦ ਨੂੰ ਛੱਡ ਕੇ ਗੁਰਗੱਦੀ ਇਸ ਦੇ ਸਭ ਤੋਂ ਛੋਟੇ ਭਰਾ, ਅਰਜਨ ਦੇਵ ਜੀ, ਨੂੰ ਦੇ ਦਿਤੀ ਸੀ। ਇਸ ਕਾਰਨ ਪ੍ਰਿਥੀਚੰਦ ਨੇ ਖੁੱਲ੍ਹੇ ਮੂੰਹ ਵਿਰੋਧ ਦਾ ਰਾਹ ਫੜ ਲਿਆ। ਇਹ ਲਾਹੌਰ ਸੂਬੇ ਦੇ ਇੱਕ ਮਾਲ ਅਫਸਰ, ਸੁਲਹੀ ਖਾਨ ਨੂੰ ਮਿਲਿਆ ਅਤੇ ਦੱਸਿਆ ਕਿ ਇਹ ਆਪਣੇ ਸਭ ਤੋਂ ਛੋਟੇ ਭਰਾ ਵਿਰੁਧ ਬਾਦਸ਼ਾਹ ਕੋਲ ਸ਼ਿਕਾਇਤ ਕਰਨ ਲੱਗਾ ਹੈ ਕਿ ਛੋਟੇ ਭਰਾ ਨੇ ਇਸ ਦਾ ਹੱਕ ਮਾਰ ਲਿਆ ਹੈ। ਉਸ ਤੋਂ ਪਿਛੋਂ ਇਸ ਨੇ ਇਲਾਕੇ ਦੇ ਮੁਖੀਏ ਨਾਲ ਸਾਜ਼ਸ਼ ਕੀਤੀ ਜਿਸ ਨੇ ਗੁਰੂ ਅਰਜਨ ਜੀ ਨੂੰ ਕਿਹਾ ਕਿ ਪ੍ਰਿਥੀਆ ਵੱਡਾ ਪੁੱਤਰ ਹੋਣ ਕਰਕੇ ਆਪਣੇ ਪਿਤਾ ਦੀ ਜਾਇਦਾਦ ਦਾ ਹੱਕਦਾਰ

ਹੈ। ਗੁਰੂ ਜੀ ਨੇ ਜਾਇਦਾਦ ਪ੍ਰਿਥੀਏ ਨੂੰ ਦੇ ਦਿਤੀ ਅਤੇ ਇਸ ਦਾ ਕੁਝ ਹਿਸਾ ਦੂਜੇ ਭਰਾ, ਮਹਾਂਦੇਵ ਨੂੰ। ਗੁਰੂ ਜੀ ਨੇ ਸਿੱਖਾਂ ਵਲੋਂ ਆਪਣੇ ਆਪ ਆਈਆਂ ਭੇਟਾਵਾਂ ਆਪ ਰੱਖੀਆਂ।

ਪ੍ਰਿਥੀਚੰਦ ਨੇ ਸੁਲਹੀ ਖਾਨ ਨਾਲ ਮਿਲ ਕੇ ਗੁਰੂ ਜੀ ਨੂੰ ਪ੍ਰੇਸ਼ਾਨ ਕਰਨ ਲਈ ਬਹੁਤ ਮੌਕੇ ਲੱਭ ਲਏ। ਪਰ ਬਾਦਸ਼ਾਹ ਅਕਬਰ ਦੇ ਸਹਾਇਕ ਪ੍ਰਧਾਨ ਮੰਤਰੀ ਵਜ਼ੀਰ ਖਾਨ ਨੇ ਗੁਰੂ ਜੀ ਦਾ ਪੱਖ ਲੈ ਕੇ ਸੁਲਹੀ ਖਾਨ ਨੂੰ ਮਨਾਇਆ ਕਿ ਉਹ ਦੋਵਾਂ ਭਰਾਵਾਂ ਵਿੱਚ ਸਮਝੌਤਾ ਕਰਾ ਦੇਵੇ। ਵਜ਼ੀਰ ਖਾਨ ਗੁਰੂ ਜੀ ਦੀ ਬਾਣੀ ਸੁਖਮਨੀ ਦਾ ਪਾਠ ਸੁਣ ਕੇ ਜਲੋਧਰ ਰੋਗ ਤੋਂ ਬਿਲਕੁਲ ਰਾਜ਼ੀ ਹੋ ਗਿਆ ਸੀ। ਇਹ ਕਾਰਨ ਸੀ ਕਿ ਉਸ ਨੇ ਗੁਰੂ ਜੀ ਦੇ ਪੱਖ ਦੀ ਹਿਮਾਇਤ ਕੀਤੀ। ਭਾਵੇਂ ਸਮਝੌਤਾ ਤਾਂ ਹੋ ਗਿਆ ਪਰ ਪ੍ਰਿਥੀਚੰਦ ਵਲੋਂ ਗੁਰੂ ਜੀ ਲਈ ਹਰ ਸੰਭਵ ਤਕਲੀਫ ਖੜੀ ਕਰਨਾ ਜਾਰੀ ਰਿਹਾ। ਅਖੀਰ ਗੁਰੂ ਜੀ ਨੇ ਅੰਮ੍ਰਿਤਸਰ ਛੱਡ ਦੇਣ ਅਤੇ ਮਾਝੇ (ਰਾਵੀ ਅਤੇ ਬਿਆਸ ਦਰਿਆਵਾਂ ਵਿਚਲਾ ਇਲਾਕਾ) ਸਫਰ ਕਰਨ ਦਾ ਫੈਸਲਾ ਕਰ ਲਿਆ।

## ਗੁਰੂ ਜੀ ਦੇ ਪ੍ਰਚਾਰ ਦੌਰੇ :

ਗੁਰੂ ਜੀ ਪਹਿਲਾਂ ਖਡੂਰ ਗਏ ਅਤੇ ਫਿਰ ਸਰਹਾਲੀ ਪੁੱਜੇ ਜਿਥੇ ਉਨ੍ਹਾਂ ਨੇ ਆਪਣੇ ਰਹਿਣ ਲਈ ਜ਼ਮੀਨ ਲੈ ਕੇ ਰਿਹਾਇਸ਼ ਅਸਥਾਨ ਬਣਾਉਣ ਦਾ ਵਿਚਾਰ ਕੀਤਾ।

ਭੈਣੀ ਪਿੰਡ ਤੋਂ ਇੱਕ ਸਿੱਖ ਨੇ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਜਦ ਗੁਰੂ ਜੀ ਉਥੇ ਪਹੁੰਚੇ ਤਾਂ ਚੋਖੀ ਰਾਤ ਹੋ ਗਈ ਸੀ। ਗੁਰਸਿਖ ਦੀ ਪਤਨੀ ਨੇ ਰੋਟੀ ਦੇ ਟੁਕੜੇ ਕਰਕੇ ਘਿਉ ਅਤੇ ਖੰਡ ਨਾਲ ਭੋਜਨ ਤਿਆਰ ਕੀਤਾ ਅਤੇ ਗੁਰੂ ਜੀ ਜੋਗ ਛਕਣ ਲਈ ਰਖਿਆ। ਪ੍ਰੇਮ ਅਤੇ ਸ਼ਰਧਾ ਨਾਲ ਤਿਆਰ ਕੀਤਾ ਇਹ ਪ੍ਰਸ਼ਾਦ ਗੁਰੂ ਜੀ ਨੇ ਸੁਆਦ ਨਾਲ ਛਕਿਆ। ਗੁਰੂ ਜੀ ਉਥੇ ਥੋੜੇ ਕੁ ਦਿਨ ਹੋਰ ਰਹੇ ਅਤੇ ਮੁੜਨ ਵੇਲੇ ਪਿੰਡ ਨੂੰ ਆਪਣੇ ਚੋਲਾ ਬਖਸ਼ਿਆ ਅਤੇ ਪਿੰਡ ਦਾ ਨਾਮ ਬਦਲ ਕੇ 'ਚੋਲਾ ਸਾਹਿਬ' ਰਖ ਦਿਤਾ।

ਫਿਰ ਗੁਰੂ ਜੀ ਖਾਨਪੁਰ ਪਿੰਡ ਗਏ ਜੋ ਗੋਇੰਦਵਾਲ ਅਤੇ ਅਜੋਕੇ ਤਰਨ ਤਾਰਨ ਸ਼ਹਿਰ ਵਿਚਕਾਰ ਸਥਿਤ ਹੈ। ਉਨ੍ਹਾਂ ਨਾਲ ਪੰਜ ਸਿੱਖ ਚਲ ਪਏ ਜਿਨ੍ਹਾਂ ਵਿੱਚ ਭਾਈ ਬਿਧੀ ਚੰਦ ਅਤੇ ਭਾਈ ਗੁਰਦਾਸ ਸਨ। ਇਹ ਇੱਕ ਠੰਢੀ ਰਾਤ ਸੀ ਅਤੇ ਸਿਆਲ ਦੀਆਂ ਹਵਾਵਾਂ ਬੜੇ ਜ਼ੋਰ ਨਾਲ ਵਗ ਰਹੀਆਂ ਸਨ। ਬਿਧੀ ਚੰਦ ਨੇ ਇੱਕ ਉਚੀ ਇਮਾਰਤ ਵੇਖੀ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਸ ਦੇ ਅੰਦਰ ਜਾ ਆਰਾਮ ਕਰਨ। ਪਰ ਗੁਰੂ ਜੀ ਨੇ ਨਾਹ ਕਰ ਦਿਤੀ ਅਤੇ ਬਚਨ ਕੀਤਾ ਕਿ ਜਿਥੇ ਤੁਸੀਂ ਹੋ ਉਥੇ ਹੀ ਉਹ ਵੀ ਠਹਿਰਨਗੇ ਕਿਉਂਕਿ ਉਸ ਥਾਂ ਤੇ ਜਾਣ ਨਾਲੋਂ, ਜਿਥੇ ਕੁਕਰਮੀ ਲੋਕ ਰਹਿ ਰਹੇ ਹਨ, ਇਥੇ ਰਹਿਣਾ ਚੰਗਾ ਹੈ। ਭਾਈ ਬਿਧੀ ਚੰਦ ਨ ਮੰਨਿਆਂ ਅਤੇ ਉਸ ਇਮਾਰਤ ਵਿੱਚ ਜਾ ਕੇ ਉਸ ਦੇ ਮਾਲਕਾਂ ਤੋਂ ਉਥੇ ਆ ਠਹਿਰਨ ਲਈ ਪੁਛਿਆ ਪਰ ਉਹਨਾਂ ਨੇ ਨਾਂਹ ਕਰ ਦਿਤੀ। ਇਹ ਕਹਿ ਕੇ ਕਿ ਗੁਰੂ ਅਤੇ ਉਸ ਦੇ ਸਿੱਖ ਪਖੰਡ ਹਨ। ਉਸ ਪਿੰਡ ਦਾ ਇੱਕ ਬੜਾ ਸ਼ਰਧਾਲੂ ਸਿੱਖ, ਹੇਮਾ, ਗੁਰੂ ਜੀ ਕੋਲ ਆਇਆ ਅਤੇ ਬੇਨਤੀ ਕੀਤੀ ਕਿ ਗੁਰੂ ਜੀ ਉਸ ਦੇ ਗਰੀਬ ਘਰ ਵਿੱਚ ਚਰਨ ਪਾਉਣ ਅਤੇ ਆਪਣੇ ਪਵਿੱਤਰ ਦਰਸ਼ਨਾਂ ਨਾਲ ਗ੍ਰਹਿ ਨੂੰ ਰੱਬੀ ਮਿਹਰ ਬਖਸ਼ਣ। ਹੇਮਾ ਦੇ ਪ੍ਰੇਮ ਅਤੇ ਸ਼ਰਧਾ ਨੂੰ ਵੇਖ ਕੇ ਗੁਰੂ ਜੀ ਨੇ ਉਸ ਦੀ ਪ੍ਰਾਹੁਣਚਾਰੀ ਪ੍ਰਵਾਨ ਕਰ ਲਈ। ਹੇਮਾ ਨੇ ਗੁਰੂ ਜੀ ਅਤੇ ਬਾਕੀ ਸਿੱਖਾਂ ਨੂੰ ਵਧ ਤੋਂ ਵਧ ਚੰਗਾ ਭੋਜਨ ਤਿਆਰ ਕਰਕੇ ਅਰਪਨ ਕੀਤਾ। ਉਸ ਕੋਲ ਇਕੋ ਹੀ ਕੰਬਲ ਸੀ ਜੋ ਉਸ ਨੇ ਗੁਰੂ ਜੀ ਹੇਠ ਬਿਸਤਰੇ ਵਜੋਂ ਵਿਛਾ ਦਿਤਾ,ਜਿਨ੍ਹਾਂ ਨੇ ਉਸ ਦੀ ਵੱਡੀ ਸ਼ਰਧਾ ਵੇਖ ਕੇ ਇਹ ਸ਼ਬਦ ਉਚਾਰਨ ਕੀਤਾ :

"ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।
ਕਿਤਹਿ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ।ਰਹਾਉ,।
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ।
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ।
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ।
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ।
ਪਾਟ ਪਟੰਬਰ ਬਿਰਥਿਆ ਜਿਹ ਰਚਿਲੋਭਾਏ।
ਸਭੁ ਕਿਛੁ ਤੁਮਰੈ ਹਾਥਿ ਪ੍ਰਭੁ ਆਪਿ ਕਰੇ ਕਰਾਏ।
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ।"

(ਰਾਗੁ ਸੂਹੀ ਮਹਲਾ ੫, ਪੰਨਾਂ ੭੪੫)

ਗੁਰੂ ਜੀ ਉਥੇ ਕੁਝ ਸਮਾਂ ਠਹਿਰੇ। ਇਸ ਸਮੇਂ ਵਿੱਚ ਹੇਮਾ ਦੀ ਇਛਾ ਪੂਰੀ ਹੋਈ ਅਤੇ ਉਹ ਅੰਤਲੀ ਨੀਂਦ ਸੌਂ ਗਿਆ। ਗੁਰੂ ਜੀ ਦੇ ਉਥੋਂ ਚਲੇ ਜਾਣ ਪਿਛੋਂ ਬਾਦਸ਼ਾਹ ਦੇ ਸੂਬੇਦਾਰ ਨੇ ਖਾਨਪੁਰ ਦੇ ਨਿਵਾਸੀਆਂ ਤੋਂ ਕਿਸੇ ਕਾਰਨ ਅਸੰਤੁਸ਼ਟ ਹੋਣ ਤੇ ਆਪਣੀ ਫੌਜ ਭੇਜ ਕੇ ਪਿੰਡ ਬਰਬਾਦ ਕਰ ਦਿਤਾ ਅਤੇ ਇਥੋਂ ਦੇ ਮੁਖੀ ਨਿਵਾਸੀਆਂ ਨੂੰ ਕਤਲ ਕਰ ਦਿਤਾ।

ਉਥੋਂ ਗੁਰੂ ਜੀ ਖੈਰਾ ਪਿੰਡ ਵਲ ਚਲ ਗਏ ਜਿਥੋਂ ਦੇ ਕੁਦਰਤੀ ਵਾਤਾਵਰਣ ਨੇ ਗੁਰੂ ਜੀ ਨੂੰ ਖਿਚ ਪਾਈ। ਇਥੋਂ ਦੇ ਚੌਧਰੀਆਂ ਨੇ ਗੁਰੂ ਜੀ ਦਾ ਬੜਾ ਨਿਘਾ ਸਵਾਗਤ ਕੀਤਾ। ਪਿਛੋਂ ਉਹਨਾਂ ਨੇ ਪਿੰਡ ਵਾਲਿਆਂ ਤੋਂ ਜ਼ਮੀਨ ਲੈਣ ਵਿੱਚ ਗੁਰੂ ਜੀ ਦੀ ਸਹਾਇਤਾ ਕੀਤੀ। ਇਸ ਜ਼ਮੀਨ ਤੇ ਹੁਣ ਵਾਲੇ ਪ੍ਰਸਿੱਧ ਸ਼ਹਿਰ ਤਰਨ ਤਾਰਨ ਦੀ ਗੁਰੂ ਜੀ ਨੇ ਨੀਂਹ ਰਖੀ, ਅਤੇ ਉਥੇ ਇੱਕ ਸਰੋਵਰ ਬਨਾਉਣ ਦਾ ਕਾਰਜ ਅਰੰਭਿਆ। ਇਹ ਘਟਨਾ ਸੰਨ ੧੫੯੦ ਦੀ ਹੈ। ਗੁਰੂ ਜੀ ਨੇ ਬਹੁਤ ਵਡਾ ਖਰਚ ਕਰਕੇ ਇੱਟਾਂ ਪਕਾਉਣ ਲਈ ਭੱਠਾ ਬਣਵਾਇਆ। ਉਥੋਂ ਦੇ ਸਥਾਨਕ ਅਫਸਰ, ਨੂਰ-ਉਦ-ਦੀਨ,ਨੇ ਇੱਕ ਸਰਾਂ, ਜੋ ਸਰਕਾਰੀ ਖਰਚ ਤੇ ਬਣ ਰਹੀ ਸੀ, ਵਾਸਤੇ ਉਥੋਂ ਇੱਟਾਂ ਜੋਰੋ ਜੋਰੀ ਚੁਕਵਾ ਲਿਜਾਈਆਂ। ਸਿੱਖਾਂ ਨੂੰ ਬੜਾ ਮੰਦਾ ਲੱਗਾ ਅਤੇ ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਨੂਰ-ਉਦ-ਦੀਨ ਦੀ ਧਾਂਦਲਬਾਜ਼ੀ ਵਿਰੁਧ ਬਾਦਸ਼ਾਹ ਕੋਲ ਸ਼ਿਕਾਇਤ ਲਿਖ ਭੇਜੀ ਜਾਵੇ। ਪਰ ਗੁਰੂ ਜੀ ਨੇ ਇਸਤਰ੍ਹਾਂ ਧੱਕਾ ਕੀਤੇ ਜਾਣ ਵਲ ਗਹੁ ਕਰਨ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਉਥੋਂ ਚੁੱਪ ਕਰਕੇ ਚਲੇ ਗਏ ਅਤੇ ਇਸ ਕਾਰਜ ਲਈ ਚੰਗੇਰੇ ਸਮੇਂਦੀ ਉਡੀਕ ਕਰਨ ਲਗੇ।ਕੁਝ ਸਮੇਂ ਪਿਛੋਂ ਸਰੋਵਰ ਮੁਕੰਮਲ ਕੀਤਾ ਗਿਆ।

ਫਿਰ ਗੁਰੂ ਜੀ ਬਿਆਸ ਦਰਿਆ ਪਾਰ ਕਰਕੇ ਜਲੰਧਰ ਇਲਾਕੇ ਵਿੱਚ ਗਏ ਜਿਥੇ ਉਨ੍ਹਾਂ ਨੇ ਜ਼ਮੀਨ ਮੁੱਲ ਲਈ, ਕਰਤਾਰਪੁਰ ਨਾਮ ਦਾ ਨਗਰ ਉਸਾਰਨ ਵਾਸਤੇ। ਗੁਰੂ ਜੀ ਨੇ ਨਗਰ ਦੀ ਉਸਾਰੀ ਅਤੇ ਨਗਰਵਾਸੀਆਂ ਵਾਸਤੇ ਪਾਣੀ ਲਈ ਖੂਹ ਬਨਾਉਣ ਲਈ ਪਹਿਲਾ ਟੱਕ ਆਪਣੇ ਹੱਥੀਂ ਲਾਇਆ। ਖੂਹ ਦਾ ਨਾਮ ਗੰਗਸਰ ਰੱਖਿਆ।

ਉਥੋਂ ਗੁਰੂ ਜੀ ਆਪਣੇ ਸਿੱਖਾਂ ਦੀ ਬੇਨਤੀ ਤੇ ਨਾਕਾ ਪਿੰਡ ਗਏ। ਉਸ ਪਿਛੋਂ ਖੇਮਕਰਨ, ਚੂਨੀਆਂ ਅਤੇ ਹੋਰ ਪਿੰਡਾਂ ਵਿੱਚ ਚਰਨ ਪਾਏ। ਫਿਰ ਉਹ ਜੰਬਰ ਪੁਜੇ ਜਿਥੇ ਉਹ ਕੁਝ ਸਮਾਂ ਠਹਿਰੇ। ਉਸ ਇਲਾਕੇ ਵਿੱਚ ਗੁਰੂ ਜੀ ਨੇ ਬਹੁਤ ਸਾਰੇ ਸਿੱਖ ਬਣਾਏ।

ਗੁਰਸਿੱਖਾਂ ਦੀ ਬੇਨਤੀ ਤੇ ਗੁਰੂ ਜੀ ਲਾਹੌਰ ਗਏ। ਸਭ ਸ਼੍ਰੇਣੀਆਂ ਦੇ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਧਾ ਕੇ ਆਏ। ਜੋਗੀ ਸ਼ੰਭੂਨਾਥ, ਸ਼ਾਹ ਹੁਸੈਨ, ਸ਼ਾਹ ਸੁਲੇਮਾਨ ਅਤੇ ਹੋਰ ਲੋਕ ਵੀ ਗੁਰੂ ਜੀ ਤੋਂ ਆਤਮਕ ਕਲਿਆਣ ਵਾਸਤੇ ਧਰਮ ਦੀ ਸਿਖਿਆ ਲੈਣ ਲਈ ਬੇਨਤੀਆਂ ਕਰਨ ਆਏ।ਗੁਰੂ ਜੀ ਨੇ ਉਸ ਸਮੇਂ ਇਹ ਸ਼ਬਦ ਉਚਾਰਨ ਕੀਤਾ :

"ਮੀਰਾਂ ਦਾਨਾਂ ਦਿਲ ਸੋਚ।
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ।ਰਹਾਉ।
ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸਕਾ ਮੋਲੁ।
ਪਾਕ ਪਰਵਦਗਾਰਤੂ ਖੁਦਿ ਖਸਮੁ ਵਡਾ ਅਤੋਲੁ।
ਦਸਤਗੀਰੀ ਦੇਹਿ ਦਿਲਾਵਰ ਤੂ ਹੀ ਤੂ ਹੀ ਏਕ।
ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ।"

(ਤਿਲੰਗ ਮਹਲਾ ੫, ਪੰਨਾ ੭੨੪)

ਇਹ ਸ਼ਬਦ ਜਦ ਲਾਹੌਰ ਦੇ ਸੂਬੇਦਾਰ ਨੇ ਸੁਣਿਆ ਤਾਂ ਉਸ ਦੇ ਮਨ ਉਤੇ ਡੂੰਘਾ ਅਸਰ ਹੋਇਆ। ਉਸ ਨੇ ਗੁਰੂ ਜੀ ਜੋਗ ਆਪਣੇ ਲਈ ਕੋਈ ਸੇਵਾ ਲਈ ਬੇਨਤੀ ਕੀਤੀ। ਗੁਰੂ ਜੀ ਦੀ ਪ੍ਰਵਾਨਗੀ ਨਾਲ ਉਸ ਨੇ ਇੱਕ ਬਾਉਲੀ ਬਣਵਾ ਦਿਤੀ।

ਉਥੋਂ ਗੁਰੂ ਜੀ ਡੇਰਾ ਬਾਬਾ ਨਾਨਕ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਸਥਾਪਤ ਧਰਮਸਾਲ ਦੇ ਦਰਸ਼ਨ ਕਰਨ ਗਏ।

ਉਸ ਪਿਛੋਂ ਗੁਰੂ ਜੀ ਅੰਮ੍ਰਿਤਸਰ ਮੁੜ ਆਏ ਪਰ ਪ੍ਰਿਥੀਏ ਨੇ ਅਜੇ ਵੀ ਗੁਰੂ ਜੀ ਲਈ ਔਕੜਾਂ ਖੜੀਆਂ ਕਰਨਾ ਜਾਰੀ ਰਖਿਆ। ਪ੍ਰਿਥੀਏ ਦੀ ਪਤਨੀ ਬਹੁਤ ਹੀ ਦੁਖਦੀ ਸ਼ਿਕਾਇਤ ਕਰਦੀ ਸੀ ਕਿ "ਸਭ ਤੋਂ ਵੱਡੇ ਪੁੱਤਰ ਦਾ ਹੱਕ ਮਾਰ ਕੇ ਸਭ ਤੋਂ ਛੋਟੇ ਪੁੱਤਰ ਨੇ ਗੁਰਗੱਦੀ ਅਤੇ ਸਾਰਾ ਜਗਤ ਸਾਭ ਲਿਆ ਹੈ, ਬਾਦਸ਼ਾਹ ਅਤੇ ਆਮ ਲੋਕ ਦੋਵੇਂ ਇਸ ਦੀ ਪੂਜਾ ਕਰਦੇ ਹਨ।" ਪ੍ਰਿਥੀਏ ਨੇ ਉਤਰ ਦਿਤਾ, "ਅਰਜਨ ਦਾ ਕੋਈ ਬੇਟਾ ਨਹੀਂ, ਸੋ ਉਸ ਦਾ ਰਾਜ-ਭਾਗ ਥੋੜ ਚਿਰੀ ਹੈ। ਸਾਡਾ ਪੁੱਤਰ ਮੇਹਰਬਾਨ ਹੀ ਅਗਲਾ ਗੁਰੂ ਹੋਵੇਗਾ।" ਗੁਰੂ ਜੀ ਦੇ ਮਹਿਲਾਂ, ਮਾਤਾ ਗੰਗਾ ਜੀ ਨੇ ਇਹ ਗੱਲ ਬਾਤ ਸੁਣੀ ਅਤੇ ਗੁਰੂ ਜੀ ਨੂੰ ਦੱਸੀ ਅਤੇ ਨਾਲ ਹੀ ਪੁੱਤਰ ਦੀ ਦਾਤ ਬਖਸ਼ਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਉਹ ਪ੍ਰਿਥੀਏ ਜਾਂ ਉਸ ਦੀ ਪਤਨੀ ਦੀਆਂ ਗੱਲਾਂ ਵਲ ਧਿਆਨ ਨਾ ਦੇਣ ਸਗੋਂ ਅਕਾਲ ਪੁਰਖ ਦਾ ਨਾਮ ਜਪਦੇ ਰਿਹਾ ਕਰਨ। ਇੱਕ ਦਿਨ ਫਿਰ ਮਾਤਾ ਜੀ

ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਪਾਤਸ਼ਾਹ, ਜੋ ਵੀ ਆਪ ਜੀ ਦੀ ਸ਼ਰਣ ਆਉਂਦੇ ਹਨ, ਉਹ ਇਸ ਜਹਾਨ ਦੀਆਂ ਖੁਸ਼ੀਆਂ ਅਤੇ ਅਗਲੇ ਵਿੱਚ ਮੁਕਤੀ ਦੀ ਬਖਸ਼ਿਸ਼ ਲੈ ਕੇ ਜਾਂਦੇ ਹਨ। ਮੇਰਾ ਵਿਆਹਤ ਜੀਵਨ ਸਭ ਤੋਂ ਵਧ ਖੁਸ਼ੀ ਵਾਲਾ ਹੋ ਜਾਵੇਗਾ ਜੇ ਮੈਨੂੰ ਵੀ ਇੱਕ ਪੁੱਤਰ ਦੀ ਬਖਸ਼ਿਸ਼ ਕਰ ਦਿਉ।"

ਗੁਰੂ ਜੀ ਸਦਾ ਹੀ ਆਪਣੇ ਸਿੱਖਾਂ ਉਤੇ ਬਖਸ਼ਿਸ਼ ਕਰਦੇ ਸਨ ਅਤੇ ਬਹੁਤ ਸਾਰੇ ਧਾਰਮਕ ਕਾਰਜ ਸਿੱਖਾਂ ਰਾਹੀਂ ਹੁੰਦੇ ਸਨ। ਜਦ ਮਾਤਾ ਜੀ ਪੁੱਤਰ ਦੀ ਦਾਤ ਵਾਸਤੇ ਬੇਨਤੀ ਕਰਦੇ ਰਹੇ ਤਾਂ ਗੁਰੂ ਜੀ ਨੇ ਕਿਹਾ ਕਿ ਸਤਿਕਾਰਯੋਗ ਗੁਰਸਿੱਖ ਬਾਬਾ ਬੁੱਢਾ ਜੀ ਕੋਲ ਜਾਉ ਅਤੇ ਇਸ ਦਾਤ ਲਈ ਅਰਦਾਸ ਕਰੋ।

ਅਗਲੇ ਦਿਨ ਮਾਤਾ ਜੀ ਬੜੀ ਤਿਆਰੀ ਕਰਕੇ ਬਾਬਾ ਬੁੱਢਾ ਜੀ ਕੋਲ ਗਏ। ਨਾਲ ਉਨ੍ਹਾਂ ਨੇ ਆਪਣੀਆਂ ਦਾਸੀਆਂ ਅਤੇ ਅੰਮ੍ਰਿਤਸਰ ਦੇ ਮੁਖੀਆਂ ਦੀਆਂ ਪਤਨੀਆਂ ਨੂੰ ਲੈ ਲਿਆ। ਅਤੇ ਰੱਥਾਂ ਉਤੇ ਬੈਠ ਕੇ ਬੜੇ ਅਡੰਬਰ ਨਾਲ ਚਲ ਪਏ। ਮਾਤਾ ਜੀ ਨੇ ਬਾਬਾ ਜੀ ਨੂੰ ਭੇਟਾ ਕਰਨ ਲਈ ਮਿਠਾਈਆਂ ਦੇ ਥਾਲ ਲਏ। ਜਦ ਬਾਬਾ ਬੁੱਢਾ ਜੀ ਨੇ ਦੂਰੋਂ ਇਹ ਜਲੂਸ ਆਉਂਦਾ ਡਿੱਠਾ ਤਾਂ ਕਹਿਣ ਲੱਗੇ, "ਇਹ ਕੀਹ ਹੋਇਆ ਹੈ। ਕੀਹ ਅੰਮ੍ਰਿਤਸਰੋਂ ਭਾਜੜਾਂ ਪੈ ਗਈਆਂ ਹਨ ਕਿ ਲੋਕ ਸ਼ਹਿਰ ਛੱਡ ਕੇ ਇਥੇ ਆ ਰਹੇ ਹਨ ?" ਮਾਤਾ ਜੀ ਨੇ ਆ ਕੇ ਬਾਬਾ ਜੀ ਅੱਗੇ ਮਿਠਾਈਆਂ ਦੇ ਥਾਲ ਰੱਖੇ ਅਤੇ ਬਖਸ਼ਿਸ਼ ਲਈ ਬੇਨਤੀ ਕੀਤੀ। ਬਾਬਾ ਬੁੱਢਾ ਜੀ ਨੇ ਕਿਹਾ, "ਮਾਨਯੋਗ ਬੀਬੀ ਜੀ, ਮੈਂ ਤਾਂ ਗੁਰੂ ਘਰ ਦਾ ਹਿਕ ਦਾਸ ਹਾ। ਕੇਵਲ ਗੁਰੂ ਜੀ ਹੀ ਦੈਵੀ ਸ਼ਕਤੀਆਂ ਦੇ ਭੰਡਾਰ ਹਨ ਜੋ ਹਰੇਕ ਦੀਆਂ ਇਛਾਵਾਂ ਪੂਰੀਆਂ ਕਰਦੇ ਹਨ। ਮੈਂ ਇਹਨਾਂ ਸੁਆਦੀ ਵਸਤਾਂ ਦੇ ਥਾਲਾਂ ਦੇ ਵੀ ਯੋਗ ਨਹੀਂ। ਜੇ ਮੈਂ ਇਹੋ ਜਿਹੀਆਂ ਵਸਤਾਂ ਖਾਣੀਆਂ ਹੁੰਦੀਆਂ ਤਾਂ ਉਸ ਪਿਛੋਂ ਮੈਂ ਘਾਹ ਕੱਟਣ ਦਾ ਖਿਆਲ ਕਿਉਂ ਕਰ ਸਕਦਾ ?"

ਸੋ ਮਾਤਾ ਜੀ ਬਹੁਤ ਹੀ ਨਿਰਾਸ਼ ਹੋ ਕੇ ਪਰਤ ਆਏ ਅਤੇ ਗੁਰੂ ਜੀ ਨੂੰ ਸਾਰਾ ਬਿਰਤਾਂਤ ਦੱਸਿਆ। ਗੁਰੂ ਜੀ ਨੇਬਚਨ ਕੀਤਾ, "ਮਹਾਂਪੁਰਸ਼ ਅਤੇ ਸੱਚਾ ਗੁਰੂ ਅਡੰਬਰ ਦੇ ਦਿਖਾਵੇ ਤੋਂ ਖੁਸ਼ ਨਹੀਂ ਹੁੰਦੇ।ਜੇ ਉਨ੍ਹਾਂ ਕੋਲੋਂ ਕੁਝ ਮੰਗਣਾ ਹੈ ਤਾਂ ਉਨ੍ਹਾਂ ਕੋਲ ਵੱਡੇ ਬਣ ਕੇ ਨਾ ਜਾਉ ਸਗੋਂ ਬੜੀ ਨਿਮਰਤਾ ਸਹਿਤ ਢੰਗ ਨਾਲ ਜਾਉ। ਜੇ ਤੁਸੀਂ ਅਜੇ ਵੀ ਸੰਤ ਪੁਰਸ਼ ਦੀ ਬਖਸ਼ਿਸ਼ ਚਾਹੁੰਦੇ ਹੋ ਤਾਂ ਆਪਣੇ ਦਿਲੋਂ ਸ਼ਰਧਾ ਨਾਲ ਆਪਣੇ ਹੱਥੀਂ ਪ੍ਰਸ਼ਾਦਾ ਤਿਆਰ ਕਰੋ, ਸਾਧਾਰਨ ਲੋਕਾਂ ਜਿਹੇ ਬਸਤਰ ਪਹਿਨਕੇ ਪੈਦਲ ਇਕਲੇ ਜਾਉ।

ਅਗਲੇ ਦਿਨ ਮਾਤਾ ਜੀ ਗੁਰੂ ਜੀ ਦੇ ਦੱਸੇ ਅਨੁਸਾਰ ਇਕੱਲੇ ਗਏ। ਉਨ੍ਹਾਂ ਨੂੰ ਵੇਖਦਿਆਂ ਹੀ ਬਾਬਾ ਬੁੱਢਾ ਜੀ ਬੋਲੇ, "ਜੀਅ ਆਇਆਂ ਨੂੰ ਸਤਿਕਾਰਯੋਗ ਬੀਬੀ ਜੀ ! ਦਿਉ ਜੋ ਆਪ ਜੀ ਲਿਆਏ ਹੋ।" ਪ੍ਰਸ਼ਾਦੇ ਛਕਦਿਆਂ, ਬਾਬਾ ਜੀ ਕਹਿਣ ਲੱਗੇ, "ਭੰਡਾਰੇ ਦੇ ਮਾਲਕ ਤਾਂ ਗੁਰੂ ਜੀ ਹਨ ਪਰ ਮੈਨੂੰ ਆਗਿਆ ਹੋਈ ਹੈ ਇਸ ਨੂੰ ਖੋਲ੍ਹਣ ਦੀ। ਜਿਵੇਂ ਆਪਜੀ ਨੂੰ ਵੀ ਮਨਾਉਂਦਾ ਸਪੁੱਤਰ ਪ੍ਰਾਪਤ ਹੋਵੇਗਾ।" ਮਾਤਾ ਜੀ ਨੇ ਵਾਪਸ ਆ ਕੇ ਗੁਰੂ ਜੀ ਨੂੰ ਬਾਬਾ ਜੀ ਦੀ ਦਿਆਲਤਾ ਬਾਰੇ ਦੱਸਿਆ।

ਜਦ ਪ੍ਰਿਥੀਏ ਨੇ ਇਹ ਸੁਣਿਆ ਕਿ ਮਾਤਾ ਗੰਗਾ ਜੀ ਬਾਲਕ ਨੂੰ ਜਨਮ ਦੇਣ ਵਾਲੇ ਹਨ ਤਾ ਉਹ ਅਤੇ ਉਸ ਦੀ ਪਤਨੀ ਬੜੇ ਹੀ ਪਰੇਸ਼ਾਨ ਹੋਏ। ਉਸ ਨੇ ਗੁਰੂ ਜੀ ਵਿਰੁਧ ਸੁਲਹੀ ਖਾਨ ਨੂੰ ਉਕਸਾਇਆ। ਝਗੜੇ ਤੋਂ ਦੂਰ ਰਹਿਣ ਦੇ ਵਿਚਾਰ ਨਾਲ ਗੁਰੂ ਜੀ ਅੰਮ੍ਰਿਤਸਰ ਤੋਂ ਛੇ ਕੁ ਮੀਲ ਦੂਰ ਵਡਾਲੀ ਪਿੰਡ ਚਲੇ ਗਏ।

ਵਡਾਲੀ ੧੯ ਜੂਨ ੧੫੯੫ (੨੧ ਹਾੜ ਸੰਮਤ ੧੬੫੨) ਨੂੰ ਮਾਤਾ ਗੰਗਾ ਜੀ ਨੇ ਬਾਲਕ ਨੂੰ ਜਨਮ ਦਿਤਾ ਜਿਸ ਦਾ ਨਾਮ ਹਰਿਗੋਬਿੰਦ ਰੱਖਿਆ। ਬਾਲਕ ਦੇ ਜਨਮ ਤੇ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

"ਸਤਿਗੁਰ ਸਾਚੈ ਦੀਆ ਭੇਜਿ।
ਚਿਰੁਜੀਵਨੁ ਉਪਜਿਆ ਸੰਜੋਗਿ।
ਉਦਰੈ ਮਾਹਿ ਆਇ ਕੀਆ ਨਿਵਾਸੁ।
ਮਾਤਾ ਕੈ ਮਨਿ ਬਹੁਤੁ ਬਿਗਾਸੁ।
ਜੰਮਿਆ ਪੂਤੁ ਭਗਤੁ ਗੋਵਿੰਦ ਕਾ।
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ।ਰਹਾਉ।
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ।" ....

(ਆਸਾ ਮਹਲਾ ੫, ਪਨਾ ੩੯੬)

ਹਰਿਗੋਬਿੰਦ ਦੇ ਜਨਮ ਦਾ ਸੁਣ ਕੇ ਪ੍ਰਿਥੀਆ ਅਤੇ ਉਸ ਦੇ ਘਰੋਂ ਬਹੁਤ ਹੀ ਦੁਖੀ ਹੋਏ। ਉਨ੍ਹਾਂ ਨੇ ਝਟਪਟ ਬਾਲਕ ਨੂੰ ਮਾਰ ਦੇਣ ਦੀਆਂ ਗੋਂਦਾਂ ਗੁੰਦਣੀਆਂ ਅਰੰਭ ਦਿਤੀਆਂ। ਇਸ ਮਨੋਰਥ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ। ਪ੍ਰਿਥੀਏ ਨੇ ਇੱਕ ਦਾਈ ਬੱਚੇ ਨੂੰ ਜ਼ਹਿਰ ਦੇਣ ਲਈ ਭਾੜੇ ਤੇ ਲਿਆਂਦੀ। ਦਾਈ ਆਪਣੇ ਥਣਾਂ ਉਤੇ ਜ਼ਹਿਰ ਲਾ ਕੇ ਵਡਾਲੀ ਆਈ। ਕਿਹਾ ਜਾਂਦਾ ਹੈ ਕਿ ਇਸ ਸਮੇਂ ਬਾਲਕ ਕਿਸੇ ਅਹੁਰ ਕਾਰਨ ਦੁੱਧ ਨਹੀਂ ਚੁੰਘਦਾ ਸੀ। ਦਾਈ ਨੇ ਆ ਕੇ ਪਹਿਲਾਂ ਮਾਤਾ ਗੰਗਾ ਜੀ ਨੂੰ ਬਾਲਕ ਦੇ ਜਨਮ ਦੀ ਵਧਾਈ ਦਿਤੀ। ਫਿਰ ਬੱਚੇ ਨੂੰ ਗੋਦ ਵਿੱਚ ਲੈ ਕੇ ਲਾਡ ਪਿਆਰ ਕੀਤਾ ਅਤੇ ਆਪਣੇ ਥਣਾਂ ਤੋਂ ਦੁੱਧ ਚੁੰਘਾਉਣ ਦੀ ਕੋਸ਼ਿਸ਼ ਕਰਨ ਲੱਗੀ। ਬੱਚੇ ਨੇ ਚੁੰਘਣ ਤੋਂ ਇਨਕਾਰ ਕੀਤਾ। ਉਸੇ ਵੇਲੇ ਦਾਈ ਕਿਸੇ ਭੇਦਭਰੇ ਕਾਰਨਾਂ ਕਰਕੇ ਬੇਹੋਸ਼ ਹੋ ਪਿਛਾਂਹ

ਡਿਗ ਗਈ। ਜਦ ਹੋਸ਼ ਵਿੱਚ ਆਈ ਤਾਂ ਪਛਤਾਈ ਅਤੇ ਦਸ ਦਿਤਾ ਕਿ ਪ੍ਰਿਥੀਏ ਨੇ ਉਸ ਨੂੰ ਭਾੜੇ ਤੇ ਕੀਤਾ ਸੀ ਬਾਲਕ ਨੂੰ ਜ਼ਹਿਰ ਦੇਣ ਲਈ। ਪ੍ਰਿਥੀਏ ਦੀ ਇਸ ਬੁਰੇ ਕੰਮ ਦੀ ਗੱਲ ਘਰ ਘਰ ਫੈਲ ਗਈ।

ਫਿਰ ਪ੍ਰਿਥੀਏ ਨੇ ਇੱਕ ਸਪੇਰੇ ਨੂੰ ਲਿਆਂਦਾ ਅਤੇ ਕਿਹਾ ਕਿ ਬਾਲਕ ਸਾਮ੍ਹਣੇ ਕਾਲਾ ਨਾਗ ਖੁੱਲ੍ਹ ਛੱਡ ਕੇ ਬੱਚੇ ਨੂੰ ਮਾਰ ਦੇਵੇ। ਇਸ ਕੰਮ ਵਿੱਚ ਸਫਲ ਹੋਣ ਤੇ ਸਪੇਰੇ ਨੂੰ ਬਹੁਤ ਸਾਰਾ ਧਨ ਦੇਣ ਦਾ ਪ੍ਰਿਥੀਏ ਨੇ ਲਾਲਚ ਦਿਤਾ। ਸਪੇਰੇ ਨੂੰ ਮੌਕਾ ਮਿਲਾ ਗਿਆ ਤੇ ਵਡਾਲੀ ਆ ਕੇ ਘਰ ਦੇ ਵਿਹੜੇ ਵਿੱਚ ਕਾਲਾ ਨਾਗ ਖੁੱਲ੍ਹਾ ਛੱਡ ਦਿਤਾ। ਕਿਹਾ ਜਾਂਦਾ ਹੈ ਕਿ ਬਾਲਕ ਹਰਿਗੋਬਿੰਦ ਨੇ ਫੁੰਕਾਰਾ ਮਾਰ ਰਹੇ ਸੱਪ ਨੂੰ ਆਪਣੇ ਹੱਥ ਵਿੱਚ ਫੜ ਕੇ ਝਟਪਟ ਮਾਰ ਦਿਤਾ।

ਗੁਰੂ ਜੀ ਦੇ ਅੰਮ੍ਰਿਤਸਰ ਤੋਂ ਚਲੇ ਗਏ ਹੋਵਣ ਪਿਛੋਂ ਦੂਰੋਂ ਦੂਰੋਂ ਥਾਵਾਂ ਤੋਂ ਗੁਰਸਿਖ ਦਰਸ਼ਨ ਕਰਨ ਆਏ। ਪ੍ਰਿਥੀਏ ਨੇ ਕੋਸ਼ਿਸ਼ਾਂ ਕੀਤੀਆਂ ਉਹਨਾਂ ਨੂੰ ਭਰੋਸਾ ਦਿਵਾਉਣ ਲਈ ਕਿ ਅਸਲੀ ਗੁਰੂ ਉਹ ਹੈ, ਪਰ ਆਪਣੇ ਮਨੋਰਥ ਵਿੱਚ ਸਫਲ ਨ ਹੋ ਸਕਿਆ। ਜਦ ਹਰਿਗੋਬਿੰਦ ਦੀ ਆਯੂ ਦੋ ਵਰ੍ਹੇ ਹੋਈ ਤਾਂ ਕੁਝ ਉਘੇ ਗੁਰਸਿਖ ਵਡਾਲੀ ਆਏ ਅਤੇ ਗੁਰੂ ਜੀ ਜੋਗ ਅੰਮ੍ਰਿਤਸਰ ਵਾਪਸ ਆ ਜਾਣ ਲਈ ਬੇਨਤੀ ਕੀਤੀ ਜੋ ਗੁਰੂ ਜੀ ਨੇ ਪ੍ਰਵਾਨ ਕਰ ਲਈ।

ਬਾਲਕ ਹਰਿਗੋਬਿੰਦ ਸਖਤ ਚੀਚਕ ਨਾਲ ਬੀਮਾਰ ਹੋ ਗਿਆ। ਲੋਕਾਂ ਨੇ ਗੁਰੂ ਜੀ ਨੂੰ ਸੀਤਲਾ ਦੇਵੀ ਦੀ ਪੂਜਾ ਭੇਟਾ ਕਰਨ ਦੀ ਸਲਾਹ ਦਿਤੀ। ਪਰ ਗੁਰੂ ਜੀ ਨੇ ਬਾਲਕ ਨੂੰ ਰਾਜ਼ੀ ਕਰਨ ਲਈ ਦੇਵੀ ਦੀ ਪੂਜਾ ਕਰਨ ਦੀ ਸਲਾਹ ਮੰਨਣ ਤੋਂ ਨਾਂਹ ਕਰ ਦਿਤੀ। ਇਸ ਦੀ ਥਾਂ ਗੁਰੂਜੀ ਨੇ ਇੱਕ ਅਕਾਲ ਪੁਰਖ, ਜੋ ਸਭ ਦੀ ਰਚਨਹਾਰ ਅਤੇ ਇਕੋ ਇੱਕ ਪਾਲਣਹਾਰ ਹੈ, ਦੀ ਪੂਜਾ ਤੇ ਜੋਰ ਦਿਤਾ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਰਾਜ ਬਿਲਾਵਲ ਅਤੇ ਰਾਗ ਸੋਰਠ ਵਿੱਚ ਅੰਕਿਤ ਬਹੁਤ ਸਾਰੇ ਸ਼ਬਦ ਉਚਾਰਨ ਕੀਤੇ। ਅਕਾਲ ਪੁਰਖ ਦੀ ਮਿਹਰ ਨਾਲ ਹਰਿਗੋਬਿੰਦ ਥੋੜ੍ਹੇ ਕੁ ਦਿਨਾਂ ਵਿੱਚ ਬਿਲਕੁਲ ਅਰੋਗ ਹੋ ਗਿਆ।

ਪ੍ਰਿਥੀਏ ਨੇ ਇੱਕ ਹੋਰ ਕੋਸ਼ਿਸ਼ ਕੀਤੀ। ਉਸ ਨੇ ਬਾਲਕ ਦੀ ਦੇਖਭਾਲ ਕਰਨ ਵਾਲੇ ਨੌਕਰ ਨੂੰ ਲਾਲਚ ਦੇ ਕੇ ਹਰਿਗੋਬਿੰਦ ਨੂੰ ਜ਼ਹਿਰ ਲਿਆ ਦੇਣ ਲਈ ਮਨਾਇਆ। ਅਗਲੇ ਦਿਨ ਨੌਕਰ ਨੇ ਕਿਸੇ ਤਰ੍ਹਾਂ ਬਾਲਕ ਦੇ ਪੀਣ ਵਾਲੇ ਦੁਧ ਵਿੱਚ ਜ਼ਹਿਰ ਮਿਲਾ ਦਿਤਾ। ਪਰ ਬਾਲਕ ਨੇ ਮੂੰਹ ਮੋੜ ਲਿਆ ਅਤੇ ਇਹ ਦੁੱਧ ਪੀਣ ਤੋਂ ਨਾਂਹ ਕਰ ਦਿਤੀ। ਨੌਕਰ ਨੇ ਬਾਲਕ ਨੂੰ ਲਾਡ ਕਰਕੇ ਦੁੱਧ ਪਿਲਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨ ਹੋਇਆ। ਨੌਕਰ ਨੇ ਜ਼ੋਰ ਲਾਇਆ ਤਾਂ ਬਾਲਕ ਰੋਣ ਲੱਗ ਪਿਆ। ਰੋਣਾ ਸੁਣ ਕੇ ਗੁਰੂ ਜੀ ਨੇ ਨੌਕਰ ਤੋਂ ਪੁੱਛਿਆ ਰੋਣਾ ਕਿਸ ਕਰਕੇ ਹੈ। ਨੌਕਰ ਨੇ ਉਤਰ ਦਿਤਾ ਕਿ ਬਾਲਕ ਦੁੱਧ ਨਹੀਂ ਪੀਂਦਾ ਅਤੇ ਜਦ ਜ਼ੋਰ ਲਾ ਕੇ ਪਿਆਉਣ ਦੀ ਕੋਸ਼ਿਸ਼ ਕੀਤੀ ਤਾਂ ਬੱਚਾ ਰੋ ਪਿਆ। ਤਦ ਗੁਰੂ ਜੀ ਨੇ ਆਪ ਦੁੱਧ ਪਿਆਉਣ ਦੀ ਕੋਸ਼ਿਸ਼ ਕੀਤੀ ਪਰ ਬਾਲਕ ਨੇ ਨਾ ਪੀਣ ਦੀ ਅੜੀ ਕੀਤੀ ਰਖੀ। ਇਸ ਤੇ ਗੁਰੂ ਜੀ ਨੇ ਇਸ ਵਿਚੋਂ ਥੋੜ੍ਹਾ ਕੁ ਦੁੱਧ ਲੈ ਕੇ ਇੱਕ ਕੁੱਤੇ ਨੂੰ ਪਿਲਾਇਆ, ਜੋ ਉਸੇ ਵੇਲੇ ਢਹਿ ਪਿਆ ਅਤੇ ਮਰ ਗਿਆ। ਨੌਕਰ ਨੂੰ ਆਪਣੇ ਇਸ ਬੁਰੇ ਕੰਮ ਦਾ ਅਹਿਸਾਸ ਹੋਇਆ ਅਤੇ ਗੁਰੂ ਜੀ ਤੋਂ ਮੁਆਫੀ ਮੰਗੀ ਅਤੇ ਪ੍ਰਿਥੀਏ ਵਲੋਂ ਖੂਨੀ ਵਿਉਂਤਾ ਦਾ ਭੇਤ ਦਸ ਦਿਤਾ।

ਪ੍ਰਿਥੀਏ ਨੂੰ ਬੜਾ ਰੋਹ ਚੜ੍ਹਿਆ ਅਤੇ ਉਹ ਸੁਲਹੀ ਖਾਨ ਨਾਲ ਦਿੱਲੀ ਗੁਰੂ ਜੀ ਵਿਰੁਧ ਬਾਦਸ਼ਾਹ ਕੋਲ ਸ਼ਿਕਾਇਤ ਕਰਨ ਗਿਆ। ਉਸ ਦੇ ਜਾਣ ਤੋਂ ਪਹਿਲਾਂ ਗੁਰੂ ਜੀ ਦੇ ਦੂਜੇ ਪਰਾ ਮਹਾਂਦੇਵ, ਅਤੇ ਭਾਈ ਗੁਰਦਾਸ ਨੇ ਪ੍ਰਿਥੀਏ ਨੂੰ ਰੋਕਣ ਲਹੀ ਕੋਸ਼ਿਸ਼ ਕੀਤੀ ਪਰ ਪ੍ਰਿਥੀਆ ਸੁਨਣ ਲਈ ਰਾਜ਼ੀ ਹੀ ਨਹੀਂ ਸੀ। ਸੁਲਹੀ ਖਾਨ ਨੇ ਬਾਦਸ਼ਾਹ ਅੱਗੇ ਸ਼ਿਕਾਇਤ ਕੀਤੀ। ਪਰ ਬਾਦਸ਼ਾਹ ਨੇ ਧਾਰਮਕ ਮਹਾਂਪੁਰਖਾਂ ਦੇ ਮਾਮਲਿਆਂ ਵਿੱਚ ਦਖਲ ਨ ਦੇਣ ਦਾ ਫੈਸਲਾ ਕੀਤਾ ਅਤੇ ਦੂਜਾ ਇਹ ਨਿਰਣਾ ਲਿਆ ਕਿ ਸ਼ਿਕਾਇਤ ਵਿੱਚ ਲਾਏ ਦੋਸ਼ ਝੂਠੇ ਹਨ। ਪ੍ਰਿਥੀਆ ਨਿਰਾਸਤਾ ਨਾਲ ਕੁਚਲਿਆ ਗਿਆ।

ਜਦ ਹਰਿਗੋਬਿੰਦ ਸਿਖਲਾਈ ਲੈਣ ਯੋਗ ਉਮਰ ਦਾ ਹੋਇਆ ਤਾਂ ਉਸ ਨੂੰ ਵਿਦਿਆ ਦੇਣ ਲਈ ਬਾਬਾ ਬੁੱਢਾ ਜੀ ਦੇ ਸਪੁਰਦ ਕਰ ਦਿਤਾ। ਬਾਬਾ ਬੁੱਢਾ ਜੀ ਨੇ ਬੱਚੇ ਨੂੰ ਚੰਗੀ ਵਿਦਿਆ ਦਿਤੀ ਅਤੇ ਨਾਲ ਹੀ ਸ਼ਸਤਰਾਂ ਦੀ ਸਿਖਿਆ, ਘੋੜ ਸਵਾਰੀ, ਰਸਾਇਣ ਵਿਗਿਆਨ, ਖਗੋਲ ਵਿਗਿਆਨ, ਚਕਿਤਸਾ, ਖੇਤੀ ਬਾੜੀ, ਰਾਜ ਪ੍ਰਬੰਧ ਅਤੇ ਹੋਰ ਵਿਗਿਆਨਾਂ ਦੀ ਸਿਖਿਆ ਵੀ ਦਿਤੀ। ਗੁਰੂ ਜੀ ਨੇ ਇਸ ਤਰ੍ਹਾਂ ਦੀ ਸਫਲ ਅਤੇ ਸਰਬੰਗੀ ਸਿਖਿਆ ਦਿਤੀ ਜਾਣ ਲਈ ਬਾਬਾ ਬੁੱਢਾ ਜੀ ਦੀ ਪ੍ਰਸੰਸਾ ਕੀਤੀ।

## ਆਦਿ ਗ੍ਰੰਥ ਸਾਹਿਬ ਦਾ ਸੰਪਾਦਨ :

ਪ੍ਰਿਥੀਆ ਆਪਣੇ ਹੀ ਧਾਰਮਕ ਭਜਨ ਰਚ ਰਿਹਾ ਸੀ ਜਿਹਨਾਂ ਨੂੰ ਉਹ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਜਾਨਸ਼ੀਨ ਗੁਰੂਆਂ ਦੀ ਰਚੀ ਹੋਈ ਬਾਣੀ ਕਹਿੰਦਾ ਸੀ। ਅਨਜਾਣ ਲੋਕਾਂ ਪਾਸ ਐਨੀ ਬੁੱਧੀ ਨਹੀਂ ਸੀ ਕਿ ਉਹ

ਇਸ ਦੀ ਅਸਲੀਅਤ ਦਾ ਨਿਰਣਾ ਕਰ ਸਕਣ। ਗੁਰੂ ਅਰਜਨ ਦੇਵ ਜੀ ਨੇ, ਇਸ ਕਰਕੇ ਸਿੱਖਾਂ ਨੂੰ ਰੋਜ਼ ਦੇ ਧਰਮ ਕਾਰਜਾਂ ਲਈ ਅਗਵਾਈ ਦੇਣ ਵਾਸਤੇ ਨਿਯਮ ਨੀਅਤ ਕਰ ਦੇਣ ਦੀ ਲੋੜ ਮਹਿਸੂਸ ਕੀਤੀ। ਉਨ੍ਹਾਂ ਨੇ ਆਦਿ ਗ੍ਰੰਥ ਦੇ ਸੰਪਾਦਨ ਲਈ ਵਿਉਂਤਾ ਬਣਾਈਆਂ। ਇਸ ਮਨੋਰਥ ਵਾਸਤੇ ਉਨ੍ਹਾਂ ਨੇ ਸ਼ਹਿਰ ਤੋਂ ਬਾਹਰ ਇੱਕ ਇਕਾਂਤ ਥਾਂ ਚੁਣੀ ਜਿਸ ਨੂੰ ਹੁਣ ਰਾਮਸਰ ਸੱਦਦੇ ਹਨ। ਉਥੇ ਉਨ੍ਹਾ ਨੇ ਇੱਕ ਸਰੋਵਰ ਖੁਦਵਾਇਆ। ਉਥੇ ਹੀ ਤੰਬੂ ਲਗਾ ਦਿਤੇ। ਗੁਰੂ ਅਰਜਨ ਦੇਵ ਜੀ ਨੇ ਸਰੋਵਰ ਦੇ ਨੇੜੇ ਰਿਹਾਇਸ਼ ਰਖ ਕੇ ਭਾਈ ਗੁਰਦਾਸ ਜੀ ਨੂੰ ਗੁਰਬਾਣੀ ਲਿਖਾਉਂਦੇ ਗਏ। ਬਾਣੀ ਨੂੰ ਰਾਗਾਂ ਅਤੇ ਤਾਲਾਂ ਅਨੁਸਾਰ ਤਰਤੀਬ ਦਿਤੀ ਗਈ। ਹਰੇਕ ਰਾਗ ਹੇਠ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ (ਮਹਲਾ ਪਹਿਲਾ) ਲਿਖਵਾਈ, ਫਿਰ ਦੂਜੇ ਗੁਰੂ ਜੀ ਦੀ (ਮਹਲਾ ਦੂਜਾ) ਅਤੇ ਇਸੇ ਤਰ੍ਹਾਂ ਅਗੋਂ ਬਾਕੀ ਗੁਰੂ ਸਾਹਿਬਾਨ ਦੀ ਬਾਣੀ। ਗੁਰੂ ਸਾਹਿਬ ਦੀ ਬਾਣੀ ਪਿਛੋਂ ਭਗਤਾਂ ਦੀ ਬਾਣੀ ਅੰਕਿਤ ਹੋਈ, ਇਸ ਤਰ੍ਹਾਂ ਆਦਿ ਗ੍ਰੰਥ ਵਿੱਚ ਇਕੱਤੀ ਭਾਰਤੀ ਪ੍ਰਮਾਣਕ ਰਾਗਾਂ ਹੇਠ ਬਾਣੀ ਅੰਕਿਤ ਕੀਤੀ ਗਈ। ਇਥੇ ਤੀਹ ਰਾਗ ਸਨ, ਇਕੱਤੀਵਾਂ ਰਾਗ ਬਾਦ ਵਿੱਚ ਨੌਂਵੇ ਗੁਰੂ ਜੀ ਦੀ ਬਾਣੀ ਹੈ।

ਜਦ ਸਾਰੀ ਬਾਣੀ ਅੰਕਿਤ ਹੋ ਗਈ ਤਾਂ ਗੁਰੂ ਜੀ ਨੇ ਅੰਤ ਵਿੱਚ ਮੁੰਦਾਵਣੀ ਦਾ ਸ਼ਬਦ ਲਿਖਵਾ ਕੇ ਆਪਣੀ ਛਾਪ ਲਾ ਦਿਤੀ :

"ਥਾਲੁ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ।
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ।
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ।
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ।"

(ਮੁੰਦਾਵਣੀ ਮਹਲਾ ੫, ਪੰਨਾ ੧੪੨੯)

ਇਸ ਦੇ ਪਿਛੋਂ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ, ਜੋ ਅੰਤ ਵਿੱਚ ਦਰਜ ਹੈ :

"ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ।
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ।
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ।
ਨਾਨਕ ਨਾਮੁ ਮਿਲੈ ਤਾ ਜੀਵਾ ਤਨੁ ਮਨੁ ਥੀਵੈ ਹਰਿਆ।"

(ਸਲੋਕ ਮਹਲਾ ੫, ਪੰਨਾ ੧੪੨੯)

ਇੱਕ ਮੁਸਲਮਾਨ, ਇੱਕ ਹਿੰਦੂ ਮਹਾਤਮਾ ਦਾ ਭਜਨ ਪੜ੍ਹਨਾ ਪਸੰਦ ਨਹੀਂ ਕਰੇਗਾ ਅਤੇ ਇਸੇਤਰ੍ਹਾਂ ਇੱਕ ਹਿੰਦੂ ਇੱਕ ਮੁਸਲਮਾਨ ਸੰਤ ਫਕੀਰ ਦਾ ਕਲਾਮ ਨਹੀਂ ਸੁਨਣਾ ਚਾਹੇਗਾ। ਹਿੰਦੂਆਂ ਨੇ ਨੀਵੀਂ ਜਾਤ ਦੇ ਪਰਵਾਰ ਵਿੱਚ ਜੰਮੇ ਕਿਸੇ ਵੀ ਭਗਤ ਨੂੰ ਹਿੰਦੂ ਮੰਦਰਾਂ ਵਿੱਚ ਆਉਣ ਤੋਂ ਮਨ੍ਹਾਂ ਕੀਤਾ ਹੋਇਆ ਸੀ। ਉਸ ਸਮੇਂ ਇਸਤਰ੍ਹਾਂ ਦਾ ਧਰਮੀ ਕਟੱੜਪੁਣਾ ਪ੍ਰਚਲਤ ਸੀ। ਸੋ, ਗੁਰੂ ਅਰਜਨ ਦੇਵ ਜੀ ਨੇ ਇੱਕ ਅਜਿਹੇ ਸਾਗਰ ਦੀ ਰਚਨਾ ਤਿਆਰ ਕੀਤੀ ਜਿਸ ਵਿੱਚ ਸਾਰੇ ਦਰਿਆ ਅਤੇ ਨਦੀਆਂ ਪੈ ਕੇ ਸਾਗਰ ਹੀ ਬਣ ਜਾਣ। ਅਜੇਹੇ ਸਾਗਰ ਦੀ ਰਚਨਾ ਭਾਦੋਂ ਵਦੀ ੧, ਸੰਮਤ ੧੬੬੧ (ਸੰਨ ੧੬੦੪ ਈ.) ਨੂੰ ਸੰਪੂਰਨ ਹੋਈ ਜਿਸ ਦਾ ਨਾਮ ਆਦਿ ਗ੍ਰੰਥ ਰਖਿਆ। ਇਹ ਕਿਸੇ ਤਰ੍ਹਾਂ ਵੀ ਕੇਵਲ ਸਿੱਖਾਂ ਦੀ ਹੀ ਬਾਈਬਲ (Bible) (ਪਵਿੱਤਰ ਧਰਮ ਪੁਸਤਕ) ਨਹੀਂ ਸੀ, ਸਗੋਂ ਸਰਬ-ਵਿਆਪਕ ਪ੍ਰਕਾਰ ਦੀ ਸੀ। ਇਸ ਵਿੱਚ ਗੁਰੂ ਸਾਹਿਬਾਨ ਦੀ ਜੀਵਨੀ ਨਹੀਂ ਅੰਕਿਤ ਕੀਤੀ ਹੋਈ ਸੀ, ਸਗੋਂ ਕੇਵਲ ਸਰਬ-ਵਿਆਪੀ ਸੱਚ, ਜਿਸ ਦਾ ਇੱਕ ਇੱਕ ਸ਼ਬਦ ਕੇਵਲ ਸਰਬ-ਸ਼ਕਤੀਮਾਨ ਅਕਾਲ ਪੁਰਖ ਦੀ ਵਡਿਆਈ ਨੂੰ ਅਰਪਣ ਕੀਤਾ ਹੋਇਆ ਸੀ।

ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਦੇ ੪,੮੪੦ ਸ਼ਬਦ ਹਨ। ੧੫ ਭਗਤ ਦੇ ੭੭੮ ਸ਼ਬਦ ਅੰਕਿਤ ਹਨ।ਇਨ੍ਹਾਂ ਵਿਚੋਂ ਦੋ ਭਗਤ ਮੁਸਲਮਾਨ ਅਤੇ ਬਾਕੀ ਦੇ ਹਿੰਦੂ (ਬ੍ਰਾਹਮਣ ਵੀ ਤੇ ਸੂਦਰ ਆਦਿ ਭੀ) ਹਨ।

ਇਹ ਫਕੀਰ ਤੇ ਭਗਤ ਸਨ : ਭਗਤ ਬੇਣੀ, ਭੀਖਨ, ਧੰਨਾ, ਫਰੀਦ, ਜੈਦੇਵ, ਕਬੀਰ, ਨਾਮਦੇਵ, ਪਰਮਾਨੰਦ, ਪੀਪਾ, ਰਾਮਾਨੰਦ, ਰਵਿਦਾਸ, ਸੈਣ, ਸਧਨਾਂ, ਸੂਰਦਾਸ ਅਤੇ ਤ੍ਰਿਲੋਚਨ। ਇਸ ਵਿੱਚ ੧੧ ਭੱਟਾਂ ਦੇ ੧੨੧ ਸਵਯੇ (ਕੋਈ ੧੨੩ ਕਹਿੰਦੇ ਨੇ) ਵੀ ਅੰਕਿਤ ਹੈ (ਭੱਟ ਅਤੇ ਢਾਡੀ)। ਇਹ ਭੱਟ (ਪੁਰਾਤਨ ਢੰਗ ਦੇ ਗੀਤਕਾਰ) ਸਭ ਬ੍ਰਾਹਮਣ ਸਨ ਅਤੇ ਫਿਰ ਗੁਰੂ ਜੀ ਦੇ ਸਿੱਖ ਬਣ ਗਏ। ਇਹ ਸਨ : ਕਲ, ਜਲਪ, ਭਿਕਾ, ਸਲ, ਭਲ, ਨਲ, ਬਲ, ਗਿਅੰਦ, ਮਥੁਰਾ, ਕੀਰਤ ਅਤੇ ਹਰਬੰਸ। ਇਸ ਵਿੱਚ ਸੱਤਾ ਅਤੇ ਬਲਵੰਡ ਦੀ ਵਾਰ, ਸੁੰਦਰ ਦੀ ਰਾਮਕਲੀ ਸਦ ਅਤੇ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਮਰਦਾਨਾ ਦੇ ੧੭ ਸਬਦ ਵੀ ਅੰਕਿਤ ਹਨ। ਇਸ ਤਰ੍ਹਾਂ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ੫੭੫੬ ਸਬਦ ਸਨ (ਕੋਈ ੫੭੫੮ ਸਬਦ ਕਹਿਦੇ ਹਨ)

ਇਹ ਮਹਾਨ ਸੁਆਰਥ ੧੫ ਅਗਸਤ, ੧੬੦੪ ਨੂੰ ਸੰਪੂਰਨ ਹੋਇਆ। ਭਾਈ ਬਨੋ ਨੂੰ ਇਸ ਦੀ ਜਿਲਦ ਬਨਾਉਣ ਲਈ ਲਾਹੌਰ ਸ਼ਹਿਰ ਭੇਜਿਆ ਗਿਆ। ਕਿਹਾ ਜਾਂਦਾ ਹੈ ਕਿ ਭਾਈ ਬਨੋ ਨੇ ਇੱਕ ਹੋਰ ਕਾਪੀ ਤਿਆਰ ਕਰ ਲਈ ਅਤੇ ਇਸ ਵਿੱਚ ਕੁਝ ਤੁਕਾਂ ਦਾ ਫਰਕ ਹੈ। ਭਾਈ ਬਨੋ ਵਾਲੀ ਬੀੜ ਹੁਣ ਕਾਨਪੁਰ ਉਸ ਦੀ ਔਲਾਦ ਪਾਸ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀਰ ਧੀਰ ਮਲ ਜੋ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੋਤਰਾ ਸੀ, ਉਸ ਦੀ ਔਲਾਦ ਪਾਸ ਕਰਤਾਰਪੁਰ ਵਿੱਚ ਹੈ (ਕਰਤਾਰਪੁਰਕ ਜਲੰਧਰ ਤੋਂ ਅੰਮ੍ਰਿਤਸਰ ਦੇ ਰਸਤੇ ਵਿੱਚ ਹੈ) ਇਸ ਬੀਰ ਦਾ ਧੀਰਮਲੀਏ ਸਾਲ ਵਿੱਚ ਇੱਕ ਵੇਰ ਵਸਾਖੀ ਵਾਲੇ ਦਿਨ ਪ੍ਰਕਾਸ਼ ਕਰਦੇ ਹੈਂ ਜਿਥੇ ਸੰਗਤ ਦਰਸ਼ਨ ਕਰ ਸਕਦੀ ਹੈ।

ਭਾਦੋਂ ਸੁਦੀ ੧, ਸੰਮਤ ੧੬੬੧ (੩੦ ਅਗਸਤ ਸੰਨ ੧੬੦੪ ਈ.) ਨੂੰ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਪਹਿਲੇ ਗ੍ਰੰਥ ਨੀਯਤ ਹੋਏ।

ਜਦੋਂ ਪ੍ਰਕਾਸ਼ ਹੋਇਆ ਅਤੇ ਹੁਕਮਨਾਮਾ ਲਿਆ ਗਿਆ ਤਾਂ ਇਹ ਹੁਕਮਨਾਮਾ ਸੀ:

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।
ਧਰਤਿ ਸੁਹਾਵੀ ਤਾਲੁ ਸੁਹਾਵਾ ਵਿੱਚ ਅੰਮ੍ਰਿਤ ਜਲੁ ਛਾਇਆ ਰਾਮ।
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ।
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ।
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ।
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ।
(ਸੂਹੀ ਮਹਲਾ ੫, ਪੰਨਾ ੭੮੩)

## ਪ੍ਰਿਥੀ ਚੰਦ ਦੀ ਈਰਖਾ ਜਾਰੀ :

ਪ੍ਰਿਥੀਏ ਨੇ ਕਾਜ਼ੀਆਂ ਅਤੇ ਪੰਡਤਾਂ ਨੂੰ ਜੋ ਗੁਰੂ ਜੀ ਦਾ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾਂ ਕਾਰਨ ਵਿਰੋਧ ਕਰ ਰਹੇ ਸਨ, ਇਕੱਠਿਆਂ ਕਰਕੇ ਉਕਸਾਇਆ ਕਿ ਉਹ ਬਾਦਸ਼ਾਹ ਕੋਲ ਸ਼ਿਕਾਇਤ ਕਰਨ ਕਿ ਗੁਰੂ ਅਰਜਨ ਨੇ ਇੱਕ ਗ੍ਰੰਥ ਬਣਾਇਆ ਹੈ ਜਿਸ ਵਿੱਚ ਮੁਸਲਮਾਨ ਪੈਗੰਬਰ ਅਤੇ ਦੇਵਤਿਆਂ ਦੀ ਨਿੰਦਾ ਕੀਤੀ ਹੈ। ਇਸ ਤੇ ਬਾਦਸ਼ਾਹ ਨੇ ਗੁਰੂ ਜੀ ਨੂੰ ਗ੍ਰੰਥ ਸਾਹਿਬ ਨਾਲ ਬੁਲਾ ਭੇਜਿਆ। ਗੁਰੂ ਜੀ ਆਪ ਤਾਂ ਨਹੀਂ ਗਏ ਪਰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੂੰ ਭੇਜਿਆ ਕਿ ਗ੍ਰੰਥ ਸਾਹਿਬ ਵਿਚੋਂ ਸ਼ਬਦ ਪੜ੍ਹ ਕੇ ਬਾਦਸ਼ਾਹ ਨੂੰ ਸੁਣਾ ਦੇਣ। ਉਹਨਾਂ ਨੇ ਬਾਦਸ਼ਾਹ ਅਕਬਰ ਨੂੰ ਕਈ ਸ਼ਬਦ ਪੜ੍ਹ ਕੇ ਸੁਣਾਏ ਅਤੇ ਬਾਦਸ਼ਾਹ ਬਹੁਤ ਹੀ ਖੁਸ਼ ਹੋਇਆ, "ਅੱਲ੍ਹਾ ਵਾਸਤੇ ਪ੍ਰੇਮ ਅਤੇ ਭਗਤੀ ਬਗੈਰ ਇਸ ਗ੍ਰੰਥ ਵਿੱਚ ਮੈਨੂੰ ਕਿਸੇ ਦੀ ਖੁਸ਼ਾਮਦ ਜਾਂ ਨਿੰਦਾ ਨਹੀਂ ਮਿਲੀ। ਇਹ ਗ੍ਰੰਥ ਇਜ਼ਤ ਦੇ ਲਾਇਕ ਹੈ।" ਗੁਰੂ ਜੀ ਤੇ ਤੁਹਮਤਾਂ ਲਾਉਣ ਵਾਲੇ ਅਤੇ ਵਿਰੋਧੀ ਚਕਰਾ ਗਏ। ਅਕਬਰ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਸਿਰੋਪਾ ਦਿਤੇ ਅਤੇ ਇਕਰਾਰ ਕੀਤਾ ਕਿ ਉਹ ਲਾਹੌਰ ਤੋਂ ਵਾਪਸ ਆਉਂਦਿਆਂ ਗੁਰੂ ਜੀ ਦੇ ਦਰਸ਼ਨ ਕਰਨ ਆਏਗਾ।

ਇਕਰਾਰ ਅਨੁਸਾਰ ਅਕਬਰ ਲਾਹੌਰ ਤੋਂ ਦਿੱਲੀ ਵਾਪਸ ਆਉਂਦਿਆਂ ਰਾਹ ਵਿੱਚ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਉਹ ਗੁਰੂ ਜੀ ਦੇ ਪਵਿੱਤਰ ਦਰਸ਼ਨ ਅਤੇ ਵਰਤਾਉ ਨਾਲ ਮੋਹਿਆ ਗਿਆ ਅਤੇ ਅਤੀ ਪ੍ਰਸੰਨ ਹੋਇਆ। ਉਸ ਨੇ ਗੁਰੂ ਜੀ ਵਲੋਂ ਪ੍ਰਾਹੁਣਚਾਰੀ ਮਾਣੀ ਅਤੇ ਬੇਨਤੀ ਕੀਤੀ ਕਿ ਆਪਣੀ ਸੰਸਾਰਕ ਅਤੇ ਰੂਹਾਨੀ ਭਲਾਈ ਅਤੇ ਖੁਸ਼ੀ ਕਾਇਮ ਰਖਣ ਲਈ ਕੋਈ ਸੇਵਾ ਕਰਨ ਦੀ ਇਜਾਜ਼ਤ ਦੇਣ। ਗੁਰੂ ਜੀ ਨੇ ਉਤਰ ਦਿਤਾ, "ਬਾਦਸ਼ਾਹਾਂ ਦੀ ਭਲਾਈ ਅਤੇ ਖੁਸ਼ੀ ਆਪਣੀ ਰਿਆਇਆ ਨਾਲ ਹਿਤ ਅਤੇ ਇਨਸਾਫ ਕਰਨ ਤੇ ਆਧਾਰਤ ਹੈ।" ਫਿਰ ਗੁਰੂ ਜੀ ਨੇ ਬਚਨ ਕੀਤੇ ਕਿ ਦੇਸ਼ ਵਿੱਚ ਸਖਤ ਕਾਲ ਪਿਆ ਹੋਇਆ ਹੈ ਅਤੇ ਕਾਸ਼ਤਕਾਰ ਲੋਕਾਂ ਨੂੰ ਬਾਦਸ਼ਾਹ ਵਲੋਂ ਸਹਾਇਤਾ ਦੀ ਲੋੜ ਹੈ। ਬਾਦਸ਼ਾਹ ਨੇ ਉਸ ਵਰ੍ਹੇ ਦਾ ਪੰਜਾਬ ਦੇ ਕਾਸ਼ਤਕਾਰਾਂ ਦਾ ਮਾਲੀਆ ਮਾਫ ਕਰ ਦਿਤਾ। ਬਾਦਸ਼ਾਹ ਵਲੋਂ ਗੁਰੂ ਜੀ ਦੇ ਸਤਿਕਾਰ ਕਾਰਨ ਗੁਰੂ ਜੀ ਦੀ ਪ੍ਰਸਿੱਧੀ ਅਤੇ ਪ੍ਰਭਾਵ ਬਹੁਤ ਵੱਧ ਗਏ ਸਨ। ਇਸ ਕਾਰਨ ਪ੍ਰਿਥੀਏ ਦੀ ਚਿੰਤਾ ਵਧੇਰੀ ਹੋ ਗਈ।

## ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ :

ਗੁਰੂ ਅਰਜਨ ਦੇਵ ਜੀ ਦੇ ਸਮੇਂ ਬਹੁਤ ਲੋਕਾਂ ਨੇ ਪੰਜਾਬ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਅਤੇ ਗਵਾਂਢੀ ਦੇਸ਼ਾਂ ਵਿੱਚ ਵੀ, ਸਿੱਖ ਧਰਮ ਧਾਰਨ ਕੀਤਾ। ਕਿਹਾ ਜਾਂਦਾ ਹੈ ਕਿ ਕੁੱਲੂ, ਸੁਕੇਤ, ਹਰੀਪੁਰ ਅਤੇ ਚੰਬਾ ਦੇ ਪਹਾੜੀ ਰਾਜੇ ਗੁਰੂ ਜੀ ਦੇ ਸ਼ਰਧਾਲੂ ਬਣੇ, ਜਿਵੇਂ ਮੰਡੀ ਦਾ ਰਾਜਾ ਬਣਿਆ ਸੀ। ਗੁਰੂ ਜੀ ਦਾ ਨਾਮਣਾ ਅਤੇ ਪ੍ਰਭਾਵ ਦੂਰ ਦੂਰ ਪਸਰ ਗਿਆ।

ਉਸ ਸਮੇਂ ਚੰਦੂ ਲਾਲ ਬਾਦਸ਼ਾਹ ਅਕਬਰ ਦਾ ਦੀਵਾਨ ਅਥਵਾ ਆਰਥਕ ਸਲਾਹਕਾਰ ਸੀ। ਉਹ ਜਾਤ ਦਾ ਖਤਰੀ ਅਤੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਰੋਹਾਲਾ ਪਿੰਡ ਦਾ ਰਹਿਣ ਵਾਲਾ ਸੀ। ਉਸ ਦੇ ਸਰਕਾਰੀ ਕੰਮਾਂ ਦੀ ਖਾਤਰ ਉਸ ਦਾ ਦਿੱਲੀ ਰਹਿਣਾ ਜ਼ਰੂਰੀ ਹੋ ਗਿਆ। ਉਸ ਦੀ ਇੱਕ ਬੜੀ ਸੁੰਦਰ ਜਵਾਨ ਧੀ ਸੀ। ਬੇਟੀ ਦੀ ਮਾਂ ਨੇ ਇੱਕ ਦਿਨ ਇਸ ਦੇ ਪਿਤਾ ਨੂੰ ਕਿਹਾ, "ਸਾਡੀ ਬੇਟੀ ਮੁਟਿਆਰ ਹੋ ਰਹੀ ਹੈ। ਇਸ ਦੇ ਵਾਸਤੇ ਕੋਈ ਵਰ ਢੂੰਡਣਾ ਚਾਹੀਦਾ ਹੈ।" ਚੰਦੂ ਲਾਲ ਨੇ ਆਪਣੇ ਪਰਵਾਰ ਦੇ ਪ੍ਰੋਹਤ ਅਤੇ ਲਾਗੀ ਬੇਟੀ ਵਾਸਤੇ ਯੋਗ ਵਰ ਢੂੰਡਣ ਲਈ ਭੇਜੇ। ਪ੍ਰੋਹਤ ਅਤੇ ਲਾਗੀ ਪੰਜਾਬ ਦੇ ਹਰ ਸ਼ਹਿਰ ਫਿਰੇ ਪਰ ਤਸੱਲੀਬਖਸ਼ ਵਰ ਨ ਲੱਭਾ। ਇੱਕ ਦਿਨ ਫੇਰ ਚੰਦੂ ਦੀ ਪਤਨੀ ਨੇ ਜ਼ੋਰ ਦਿਤਾ ਤਾਂ ਕਿਸੇ ਤੋਂ ਗੁਰੂ ਜੀ ਦੇ ਜਵਾਨ ਸਪੁੱਤਰ ਹਰਿਗੋਬਿੰਦ ਬਾਰੇ ਸੁਣਿਆ। ਉਹ ਅੰਮ੍ਰਿਤਸਰ ਗਏ ਅਤੇ ਉਨ੍ਹਾਂ ਨੂੰ ਹਰਿਗੋਬਿੰਦ ਜਵਾਨ ਲੜਕੀ ਵਾਸਤੇ ਸਭ ਤੋਂ ਵੱਧ ਸੁਸ਼ੀਲ ਅਤੇ ਯੋਗ ਵਰ ਲੱਗਾ। ਉਹਨਾਂ ਵਾਪਸ ਆ ਕੇ ਚੰਦੂ ਨੂੰ ਦੱਸਿਆ। ਉਹਨਾਂ ਨੇ ਹਰਿਗੋਬਿੰਦ ਜੀ ਦੀ ਸਰਬੁਤਮਾਤ ਅਤੇ ਅੰਮ੍ਰਿਤਸਰ ਸ਼ਹਿਰ ਵਿੱਚ ਉਸ ਦੇ ਪਿਤਾ ਗੁਰੂ ਜੀ ਦੀ ਹੋ ਰਹੀ ਇਜ਼ਤ ਬਾਰੇ ਆਪਣੇ ਵਿਚਾਰ ਦਸੇ। ਚੰਦੂ ਗੁਰੂ ਜੀ ਦੀ ਸੋਭਾ ਸੁਣ ਕੇ ਖੁਸ਼ ਨ ਹੋਇਆ, ਸੋ ਉਸ ਨੇ ਪ੍ਰੋਹਿਤ ਅਤੇ ਲਾਗੀ ਨੂੰ ਪੁੱਛਿਆ, "ਕੀ ਤੁਸੀਂ ਉਸ ਨੂੰ ਮੇਰੀ ਹੈਸੀਅਤ ਦੇ ਬਰਾਬਰ ਸਮਝਦੇਹੋ ? ਗੁਰੂ ਦੀ ਜਾਤ ਮੇਰੇ ਨਾਲੋਂ ਨੀਵੀਂ ਹੈ। ਤੁਸੀਂ ਚਾਹੁੰਦੇ ਹੋ ਸ਼ਾਨਦਾਰ ਚੁਬਾਰੇ ਦੀ ਇਟ ਨੂੰ ਮੋਰੀ ਵਿੱਚ ਲਾਉਣਾ ? ਮੈਂ ਕਿਥੇ, ਬਾਦਸ਼ਾਹ ਦਾ ਆਰਥਕ ਵਜ਼ੀਰ ਅਤੇ ਗੁਰੂ ਕਿਥੇ, ਭਾਵੇਂ ਉਹ ਆਪਣੇ ਸ਼ਰਧਾਲੂਆਂ ਲਈ ਉਚਾ ਇਜ਼ਤਦਾਰ ਹੋਵੇ ?"

ਪਤੀ ਪਤਨੀ ਵਿੱਚ ਇਸ ਮਾਮਲੇ ਬਾਰੇ ਸਾਰੀ ਰਾਤ ਵਾਦ-ਵਿਵਾਦ ਹੋਣ ਪਿਛੋਂ ਫੈਸਲਾ ਹੋਇਆ ਕਿ ਬੇਟੀ (ਸਦਾ ਕੌਰ) ਦਾ ਵਿਆਹ ਹਰਿਗੋਬਿੰਦ ਨਾਲ ਕੀਤਾ ਜਾਵੇ। ਸੋ ਵਿਆਹ ਦਾ ਸ਼ਗਨ ਅੰਮ੍ਰਿਤਸਰ ਭੇਜਿਆ ਗਿਆ।

ਦਿੱਲੀ ਦੇ ਸਿੱਖਾਂ ਦੇ ਕੰਨਾਂ ਤਕ ਇਹ ਗੱਲ ਪਹੁੰਚ ਗਈ ਸੀ ਕਿ ਚੰਦੂ ਨੇ ਗੁਰੂ ਜੀ ਵਾਸਤੇ ਅਪਮਾਨਜਨਕ ਲਫ਼ਜ਼ ਕਹੇ ਹਨ। ਉਹਨਾਂ ਨੇ ਇੱਕ ਸਿੱਖ ਨੂੰ ਇੱਕ ਪੱਤਰ ਲਿਖ ਕੇ ਦੇ ਕੇ ਭੇਜਿਆ ਜਿਸ ਵਿੱਚ ਚੰਦੂ ਵਲੋਂ ਕਹੀਆਂ ਗੱਲਾਂ ਦਾ ਸਾਰਾ ਹਾਲ ਦੱਸਿਆ ਅਤੇ ਗੁਰੂ ਜੀ ਜੋਗ ਬੇਨਤੀ ਕੀਤੀ ਕਿ ਇਸ ਸਾਕ ਤੋਂ ਇਨਕਾਰ ਕਰ ਦਿਤਾ ਜਾਵੇ। ਦਿੱਲੀ ਦੀਆਂ ਸਿੱਖ ਸੰਗਤਾਂ ਅਤੇ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਵੀ ਗੁਰੂ ਜੀ ਜੋਗ ਅਰਜ਼ੋਈ ਕੀਤੀ ਕਿ ਚੰਦੂ ਵਰਗੇ ਹੰਕਾਰੀ ਨਾਲ ਨਾਤਾ ਕਰਨਾ ਨ ਪ੍ਰਵਾਨ ਕੀਤਾ ਜਾਏ। ਗੁਰੂ ਜੀ ਆਪਣੀਆਂ ਸਿੱਖ ਸੰਗਤਾਂ ਦੀ ਸਲਾਹ ਮੰਨਣ ਲਈ ਮਜਬੂਰ ਸਨ, ਸੋ ਉਨ੍ਹਾਂ ਨੇ ਬੜੀ ਨਿਮਰਤਾ ਨਾਲ ਸਾਕ ਦੇਣ ਆਏ ਸਜਣਾਂ ਨੂੰ ਕਿਹਾ ਕਿ, "ਮੈਂ ਆਪਣੀ ਨਿਮਾਣੀ ਹੈਸੀਅਤ ਤੇ ਸੰਤੁਸ਼ਟ ਹਾਂ ਅਤੇ ਵੱਡੇ ਲੋਕਾਂ ਨਾਲ ਨਾਤਾ ਜੋੜਣਾਂ ਨਹੀਂ ਚਾਹੁੰਦਾ। ਇੱਕ ਸ਼ਾਨਦਾਰ ਚੁਬਾਰੇ ਦੀ ਇੱਟ ਨੂੰ ਇੱਕ ਮੋਰੀ ਵਿੱਚ ਨਹੀਂ ਲਾਉਣਾ ਚਾਹੀਦਾ।"

ਜਦ ਸਾਕ ਕਰਨ ਆਏ ਲੋਕ ਰੋਸ ਪ੍ਰਗਟ ਕਰ ਹੀ ਰਹੇ ਸਨ ਤਾਂ ਇੱਕ ਸਿੱਖ, ਨਾਰਾਇਣ ਦਾਸ, ਭਾਈ ਪਾਰੋ (ਗੁਰੂ ਅਰਮਦਾਸ ਜੀ ਦਾ ਪ੍ਰਸਿੱਧ ਸਿੱਖ) ਦਾ ਪੋਤਰਾ, ਸੰਗਤ ਵਿਚੋਂ ਖੜਾ ਹੋਇਆ ਅਤੇ ਗੁਰੂ ਜੀ ਜੋਗ ਅਰਜ਼ੋਈ ਕਰਨ ਲਗਾ, "ਪਾਤਸ਼ਾਹ, ਮੈਂ ਆਪ ਜੀ ਦੇ ਚਰਨ ਕਮਲਾਂ ਦੀ ਧੂੜ ਹਾਂ। ਮੇਰੀ ਇੱਕ ਪੁੱਤਰੀ ਹੈ ਜਿਸ ਨੂੰ ਮੈਂ ਅਤੇ ਮੇਰੀ ਪਤਨੀ ਨੇ ਆਪ ਜੀ ਦੇ ਸਪੁੱਤਰ ਨਾਲ ਵਿਆਹ ਲਈ ਭੇਟਾ ਕਰਨ ਦਾ ਸੰਕਲਪ ਕੀਤਾ ਹੋਇਆ ਹੈ। ਜੇ ਆਪ ਜੀ ਪੁੱਤਰੀ ਨੂੰ ਆਪਣੇ ਚਰਨਾਂ ਦੀ ਸੇਵਕ ਬਣਾ ਲਵੋ ਤਾਂ ਮੈਂ ਭਾਗਾਂ ਵਾਲਾ ਹੋਵਾਂਗਾ। ਮੈਂ ਇੱਕ ਗਰੀਬ ਨਿਮਾਣਾ ਸਿੱਖ ਹਾਂ ਅਤੇ ਆਪ ਜੀ ਨਿਮਾਣਿਆਂ ਦੇ ਮਾਣ ਹੋ।"ਗੁਰੂ ਜੀ ਨੇ ਉਤੱਰ ਦਿੱਤਾ, "ਜੇ ਤੁਹਾਡੇ ਹਿਰਦੇ ਵਿੱਚ ਪ੍ਰੇਮ ਹੈ ਤਾਂ ਮੈਨੂੰ ਤੁਹਾਡੀ ਤਜਵੀਜ਼ ਪ੍ਰਵਾਨ ਹੈ।" ਨਰਾਇਣ ਦਾਸ ਝਟਪਟ ਗਿਆ ਅਤੇ ਵਿਆਹ ਲਈ ਦੇਣ ਜੋਗ ਵਸਤਾਂ ਖਰੀਦੀਆਂ ਅਤੇ ਕੁੜਮਾਈ ਦੀ ਰਸਮ ਕੀਤੀ ਗਈ। ਇਸ ਤੇ ਇੱਕ ਹੋਰ ਸਿੱਖ, ਹਰੀ ਚੰਦ ਖੜਾ ਹੋਇਆ ਅਤੇ ਗੁਰੂ ਜੀ ਜੋਗ ਪ੍ਰਾਰਥਨਾ ਕੀਤੀ, "ਹੇ ਸੱਚੇ ਪਾਤਸ਼ਾਹ, ਮੈਂ ਆਪਣੀ ਪੁਤਰੀ ਦਾ ਹਰਿਗੋਬਿੰਦ ਜੀ ਨਾਲ ਨਾਤਾ ਕਰਨ ਦਾ ਸੰਕਲਪ ਕੀਤਾ ਹੋਇਆ ਹੈ। ਜੇ ਮੇਰੀ ਬੇਨਤੀ ਆਪ ਜੀ ਜੋਗ ਪ੍ਰਵਾਨ ਹੋਵੇ ਤਾਂ ਮੈਂ ਆਪਣੀ ਪੁੱਤਰੀ ਹਰਿਗੋਬਿੰਦ ਜੀ ਦੀ ਚਾਕਰ ਦੇ ਤੌਰ ਤੇ ਅਪਰਨ ਕਰ ਦਿਆਂਗਾ।" ਗੁਰੂ ਜੀ ਨੇ ਪਹਿਲਾਂ ਤਾਂ ਸਪੁੱਤਰ ਲਈ ਦੂਜੀ ਪਤਨੀ ਦਾ ਖਿਆਲ ਪ੍ਰਵਾਨ ਨਹੀਂ ਕੀਤਾ ਪਰ ਫਿਰ ਇਹ ਮਹਿਸੂਸ ਕੀਤਾ ਕਿ ਉਹ ਇੱਕ ਸਿਦਕੀ ਸਿੱਖ ਦੀ ਜਾਚਨਾਂ ਨੂੰ ਨਹੀਂ ਠੁਕਰਾ ਸਕਦੇ।[੧]

ਇਹ ਸਭ ਕੁਝ ਚੰਦੂ ਵਲੋਂ ਨਾਤਾ ਕਰਾਉਣ ਆਏ ਸਜਨਾਂ ਦੇ ਸਾਹਮਣੇ ਵਾਪਰਿਆ। ਉਹ ਦਿੱਲੀ ਮੁੜ ਆਏ ਅਤੇ ਆਪਣੇ ਮਾਲਕ ਨੂੰ ਬੁਰੀ ਖਬਰ ਦਸ ਕੇ ਨਿਰਾਸ ਕੀਤਾ। ਚੰਦੂ ਨੂੰ ਸਭ ਕੁਝ ਸੁਣਦਿਆਂ ਬੜਾ ਗੁੱਸਾ ਚੜ੍ਹਿਆ ਅਤੇ ਉਸ ਨੇ ਗੁਰੂ ਜੀ ਨੂੰ ਇੱਕ ਪੱਤਰ ਲਿਖਿਆ ਜਿਸ ਵਿੱਚ ਆਪਣੀਆਂ ਪਿਛਲੀਆਂ ਬੇਧਿਆਨੇ ਕਹੀਆਂ ਦੀ ਮਾਫੀ ਮੰਗੀ। ਉਸ ਨੇ ਗੁਰੂ ਜੀ ਨੂੰ ਦਲੀਲ ਪੇਸ਼ ਕੀਤੀ ਕਿ ਜੇ ਉਹ ਬੇਟੀ ਦਾ ਰਿਸ਼ਤਾ ਮੰਨ ਲੈਣ ਤਾਂ ਉਹ

ਬੇਟੀ ਨੂੰ ਬਹੁਤ ਭਾਰੀ ਦਾਜ ਦੇਵੇਗਾ ਅਤੇ ਬਾਦਸ਼ਾਹ ਕੋਲੋਂ ਗੁਰੂ ਜੀ ਨੂੰ ਬਹੁਤ ਲਾਭ ਪੁਚਵਾ ਦੇਵੇਗਾ। ਅੰਤ ਵਿੱਚ ਲਿਖਿਆ ਕਿ ਆਪਦੇ ਪਹਿਲਾਂ ਹੀ ਆਪਣੇ ਭਰਾ ਪ੍ਰਿਥੀ ਚੰਦ ਨਾਲ ਸਬੰਧ ਵਿਗੜੇ ਹੋਏ ਹਨ ਅਤੇ ਜੇ ਮੇਰੇ ਨਾਲ ਵੀ ਆਪਨੇ ਵਿਗਾੜ ਲਈ ਤਾਂ ਇਹ ਅਜੇਹੀ ਅੱਗ ਭੜਕਾ ਸਕਦੀ ਹੈ ਜੋ ਬੁਝਾਉਣੀ ਮੁਸ਼ਕਲ ਹੋ ਜਾਏਗੀ।

ਚੰਦੂ ਨੇ ਇਹ ਪੱਤਰ ਪ੍ਰੋਹਤ ਹੱਥ ਦੇ ਕੇ ਭੇਜਿਆ। ਇਸ ਨੂੰ ਪੜ੍ਹ ਕੇ ਗੁਰੂ ਜੀ ਨੇ ਬਚਨ ਕੀਤਾ, "ਇਹ ਹੰਕਾਰ ਹੈ ਜੋ ਮਨੁੱਖਾਂ ਨੂੰ ਬਰਬਾਦ ਕਰ ਦਿੰਦਾ ਹੈ। ਮਨੁੱਖ ਆਪਣੇ ਕੰਮਾਂ ਕਰਕੇ ਦੁਖ ਪਾਉਂਦਾ ਹੈ। ਜਿਨ੍ਹਾਂ ਨੂੰ ਕਰਤਾ ਪੁਰਖ ਜੋੜਦਾ ਹੈ, ਜੁੜ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਮਨੁੱਖ ਜੋੜਦੇ ਹਨ, ਉਹ ਨਹੀਂ। ਇਹ ਗੁਰੂ ਦਾ ਨਿਯਮ ਹੈ, ਆਪਣੇ ਸਿੱਖਾਂ ਦੀਆਂ ਇਛਾਵਾਂ ਨੂੰ ਮੰਨੇ। ਸਿੱਖਾਂ ਦੇ ਬਚਨ ਅਟਲ ਹਨ।[੨] ਬਾਕੀ ਰਿਹਾ ਚੰਦੂ ਦੀਆਂ ਧਮਕੀਆਂ ਦਾ ਵਿਚਾਰ, ਮੈਨੂੰ ਕੋਈ ਡਰ ਨਹੀਂ ਕਿਉਂਕਿ ਅਕਾਲ ਪੁਰਖ ਸਭ ਦੀ ਰੱਖਿਆ ਕਰਦਾ ਹੈ।" ਪ੍ਰੋਹਿਤ ਇਹ ਸੁਨੇਹਾ ਲੈ ਕੇ ਵਾਪਸ ਚਲਾ ਗਿਆ। ਇਸ ਨਾਲ ਚੰਦੂ ਦੇ ਮੰਦੇ ਇਰਾਦਿਆਂ ਦੀ ਨੀਂਹ ਬੱਝ ਗਈ।

ਉਸ ਤੋਂ ਛੇਤੀ ਪਿਛੋਂ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਅਤੇ ਉਸ ਦਾ ਪੁੱਤਰ ਜਹਾਂਗੀਰ ਗੱਦੀ ਤੇ ਬੈਠਾ। ਅਕਬਰ ਨੇ ਆਪਣੇ ਪੁੱਤਰ ਦੀ ਬਜਾਇ ਆਪਣੇ ਪੋਤਰੇ ਖੁਸਰੋ ਨੂੰ ਉਸ ਦੀ ਗੱਦੀ ਤੇ ਬੈਠਨ ਲਈ ਨਾਮਜ਼ਦ ਕੀਤਾ ਹੋਇਆ ਸੀ। ਖੁਸਰੋ ਨੇ ਪੰਜਾਬ ਅਤੇ ਅਫਗਾਨਿਸਤਾਨ ਉਤੇ ਹੱਕ ਮੰਗਿਆ ਜੋ ਉਸ ਦਾ ਬਾਪ, ਜਹਾਂਗੀਰ ਦੇਣ ਨੂੰ ਰਾਜ਼ੀ ਨਹੀਂ ਸੀ। ਜਹਾਂਗੀਰ ਨੇ ਖੁਸਰੋ ਨੂੰ ਕੈਦ ਕਰਨ ਦਾ ਹੁਕਮ ਦੇ ਦਿਤਾ ਪਰ ਖੁਸਰੋ ਬਚ ਕੇ ਅਫਗਾਨਿਸਤਾਨ ਵੱਲ ਨਿਕਲ ਤੁਰਿਆ। ਰਾਹ ਵਿੱਚ ਉਹ ਤਰਨ ਤਾਰਨ ਗੁਰੂ ਜੀ ਨੂੰ ਮਿਲਿਆ ਅਤੇ ਕਿਹਾ ਕਿ ਉਹ ਬੇਯਾਰ, ਲੋੜਵੰਦ, ਗਰੀਬ ਹੈ ਅਤੇ ਉਸ ਕੋਲ ਸਫਰ ਵਾਸਤੇ ਖਰਚਾ ਵੀ ਨਹੀਂ। ਸੋ ਉਸ ਨੇ ਗੁਰੂ ਜੀ ਤੋਂ ਮਾਇਕ ਸਹਾਇਤਾ ਮੰਗੀ।

ਖੁਸਰੋ ਆਪਣੇ ਦਾਦਾ ਅਕਬਰ ਨਾਲ ਗੁਰੂ ਜੀ ਨੂੰ ਮਿਲਿਆ ਹੋਇਆ ਸੀ ਅਤੇ ਗੁਰੂ ਜੀ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਦੂਜਾ, ਗੁਰੂ ਘਰ ਵਿੱਚ ਮਿੱਤਰ ਜਾਂ ਦੁਸ਼ਮਨ, ਰਾਜਾ ਜਾਂ ਭਿਖਾਰੀ, ਸਭਨਾਲ ਬਰਾਬਰ ਦਾ ਵਰਤਾਉ ਹੁੰਦਾ ਹੈ। ਗੁਰੂ ਜੀ ਨੂੰ ਪਤਾ ਸੀ ਕਿ ਅਗੋਂ ਕੀਹ ਵਾਪਰਨ ਵਾਲਾ ਹੈ, ਪਰ ਸ਼ਹਿਜ਼ਾਦੇ ਦੀ ਹਾਲਤ ਵੇਖ ਕੇ ਉਨ੍ਹਾਂ ਨੇ ਉਸ ਨੂੰ ਮਾਇਕ ਸਹਾਇਤਾ ਦੇ ਦਿੱਤੀ।[੩] ਪਰ ਖੁਸਰੋ ਜੇਹਲਮ ਦਰਿਆ ਪਾਰ ਕਰਦਿਆਂ ਫੜਿਆ ਗਿਆ। ਸ਼ਾਹੀ ਫੌਜਾਂ ਨੇ ਉਸ ਨੂੰ ਜ਼ੰਜੀਰਾਂ ਨਾਲ ਜਕੜ ਕੇ ਉਸ ਦੇ ਬਾਪ ਜਹਾਂਗੀਰ ਕੋਲ ਲੈ ਆਂਦਾ।

ਪ੍ਰਿਥੀਏ ਨੇ ਗੁਰੂ ਜੀ ਵਿਰੁੱਧ ਸੁਲਹੀ ਖਾਨ ਦੀ ਮਦਦ ਨਾਲ ਮਿਲਵਰਤਨ ਬਣਾਈ ਰਖੀ। ਪੰਜਾਬ ਵਿੱਚ ਮਾਲੀਆ ਇਕੱਠਾ ਕਰਨ ਦੇ ਬਹਾਨੇ ਸੁਲਹੀ ਖਾਨ ਨੇ ਬਾਦਸ਼ਾਹ ਤੋਂ ਛੁੱਟੀ ਲਈ। ਰਾਹ ਵਿੱਚ ਕੋਠਾ ਪਿੰਡ ਉਹ ਪ੍ਰਿਥੀਏ ਨੂੰ ਮਿਲਿਆ ਅਤੇ ਗੁਰੂ ਜੀ ਨੂੰ ਤਬਾਹ ਕਰਨ ਦੀਆਂ ਵਿਉਂਤਾਂ ਘੜੀਆਂ। ਪਰ ਉਸ ਸਮੇਂ ਸੁਲਹੀ ਖਾਨ ਨੂੰ ਪ੍ਰਿਥੀਆ ਆਪਣਾ ਇੱਟਾਂ ਦਾ ਭੱਠਾ ਵਿਖਾਉਣ ਲੈ ਗਿਆ ਜਿਥੇ ਸੁਲਹੀ ਖਾਨ ਅਚਾਨਕ ਭੱਠੇ ਵਿੱਚ ਡਿਗਣ ਨਾਲ ਜਲ ਕੇ ਮਰ ਗਿਆ।

ਆਪਣੇ ਸਾਥੀ ਦੀ ਮੌਤ ਤੋਂ ਪ੍ਰਿਥੀਆ ਬਹਤੁ ਹੀ ਦੁਖੀ ਹੋਇਆ। ਇਹਨਾਂ ਹਾਲਾਤਾਂ ਵਿੱਚ ਚੰਦੂ ਪ੍ਰਿਥੀਏ ਦੇ ਨਿਸਤਾਰੇ ਲਈ ਆ ਬਹੁੜਿਆ ਅਤੇ ਸੁਲਹੀ ਖਾਨ ਵਾਲਾ ਘੱਪਾ ਪੂਰਾ ਹੋ ਗਿਆ। ਚੰਦੂ ਨੇ ਆਪਣੀ ਪੁੱਤਰੀ ਦਾ ਨਾਤਾ ਹਰਿਗੋਬਿੰਦ ਨਾਲ ਕਰਾਉਣ ਲਈ ਪ੍ਰਿਥੀਏ ਨੂੰ ਰਸੂਖ ਵਰਤਣ ਲਈ ਚਿੱਠੀ ਲਿਖੀ। ਪ੍ਰਿਥੀਆ ਚੰਦੂ ਨੂੰ ਗੁਰੂ ਜੀ ਵਿਰੁਧ ਮੰਦੀਆਂ ਵਿਉਂਤਾਂ ਲਈ ਸਹਾਇਤਾ ਦੇਣ ਲਈ ਤਿਆਰ ਸੀ। ਉਸਨੇ ਉਤਰ ਵਿੱਚ ਲਿਖਿਆ ਕਿ ਗੁਰੂ ਜੀ ਨੇ ਇਸ ਦੀ ਗੁਰਗੱਦੀ ਦਾ ਹੱਕ ਮਾਰ ਲਿਆ ਹੋਣ ਕਰਕੇ ਪਹਿਲਾਂ ਹੀ ਇਸ ਦੇ ਦੁਸ਼ਮਨ ਹਨ ਅਤੇ ਉਹ ਗੁਰੂ ਜੀ ਨੂੰ ਚੰਗੀ ਸਜ਼ਾ ਦਿਵਾਉਣ ਲਈ ਮਦਦ ਕਰਕੇ ਬੜਾ ਖੁਸ਼ ਹੋਵੇਗਾ। ਆਪਣੀ ਚਿੱਠੀ ਵਿੱਚ ਉਸ ਨੇ ਚੰਦੂ ਦੀ ਮਿੰਨਤ ਕੀਤੀ ਕਿ ਬਾਦਸ਼ਾਹ ਨਾਲ ਆਪਣਾ ਰਸੂਖ ਵਰਤਕੇ ਗੁਰੂ ਜੀ ਨੂੰ ਇਨਸਾਫ ਦੇ ਰਾਹ ਲਿਆਏ। ਇਸਤਰ੍ਹਾਂ ਦੋਹਾਂ ਨੇ ਇੱਕ ਵਿਉਂਤ ਘੜੀ ਕਿ ਬਾਦਸ਼ਾਹ ਨੂੰ ਕਿਸੇ ਢੰਗ ਨਾਲ ਪੰਜਾਬ ਆਉਣ ਲਈ ਮਨਾਇਆ ਜਾਏ ਅਤੇ ਉਥੇ ਇਨ੍ਹਾਂ ਨੂੰ ਇੱਕ ਮੌਕਾ ਮਿਲ ਜਾਏਗਾ ਗੁਰੂ ਜੀ ਵਿਰੁਧ ਕੋਈ ਸਾਜ਼ਸ਼ ਘੜਨ ਲਈ।

ਚੰਦੂ ਦੀ ਚਾਲ ਸਫਲ ਹੋ ਗਈ ਅਤੇ ਛੇਤੀ ਹੀ ਬਾਦਸ਼ਾਹ ਜਹਾਂਗੀਰ ਪੰਜਾਬ ਆਇਆ। ਚੰਦੂ ਨੇ ਬਾਦਸ਼ਾਹ ਨੂੰ ਦਸਿਆ ਗੁਰੂ ਅਰਜਨ ਪੰਜਾਬ ਵਿੱਚ ਚੋਰਾਂ ਦੀ ਖਾਤਰਦਾਰੀ ਕਰਕੇ ਅਤੇ ਆਪਣਾ ਆਜ਼ਾਦ ਇਖਤਿਆਰ ਵਰਤਕੇ ਬਾਦਸ਼ਾਹ ਦਾ ਸ਼ਰੀਕ ਬਣ ਰਿਹਾ ਹੈ। ਇਸ ਤੇ ਬਾਦਸ਼ਾਹ ਨੇ ਸੁਲਹੀ ਖਾਨ ਦੇ ਭਤੀਜੇ ਸੁਲਬੀ ਖਾਨ ਹੱਥੀਂ ਗੁਰੂ ਜੀ ਨੂੰ ਸੰਦੇਸ਼ਾ ਭੇਜਿਆ ਕਿ ਉਹ ਇਹਨਾਂ ਹਰਕਤਾਂ ਤੋਂ ਬਾਜ਼ ਆ ਜਾਣ।ਅੰਮ੍ਰਿਤਸਰ ਜਾਂਦਿਆਂ ਰਾਹ ਵਿੱਚ ਸੁਲਬੀ ਖਾਨ ਦਾ ਟਾਕਰਾ ਕੁਝ ਪਠਾਨਾਂ ਨਾਲ ਹੋ ਗਿਆ ਅਤੇ ਮਾਰਿਆ ਗਿਆ। ਜਦ ਚੰਦੂ ਨੂੰ ਸੁਲਬੀ ਖਾਨ ਦੀ ਮੌਤ ਦੀ ਖਬਰ ਮਿਲੀ ਤਾਂ ਉਸਨੇ ਬਾਦਸ਼ਾਹ ਨੂੰ ਯਕੀਨ ਕਰਵਾ ਦਿਤਾ ਕਿ ਇਹ ਮੌਤ ਗੁਰੂ ਦੀਆਂ ਸਾਜ਼ਸ਼ਾਂ ਰਾਹੀ ਹੋਈ ਹੈ। ਨਾਲ ਇਹ ਵੀ ਬਾਦਸ਼ਾਹ ਨੂੰ ਕਿਹਾ ਕਿ ਗੁਰੂ ਨੇ ਆਪਣੇ ਵੱਡੇ ਭਰਾ ਦੀ ਗੁਰਗੱਦੀ ਦਾ ਹੱਕ ਖੋਹ ਲਿਆ ਹੈ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਉਹਨਾਂ ਦੇ ਧਰਮਾਂ ਵਲੋਂ ਮੋੜਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਬਾਦਸ਼ਾਹ ਨੇ ਉਸੇ ਵੇਲੇ ਪ੍ਰਿਥੀਏ ਨੂੰ ਬੁਲਵਾਇਆ ਅਤੇ ਇਹ ਸ਼ਾਹੀ ਸੱਦਾ ਆਉਣ ਤੇ ਉਹ ਬਹੁਤ ਹੀ ਖੁਸ਼

ਹੋਇਆ। ਇਸ ਨੇ ਬਾਦਸ਼ਾਹ ਅਗੇ ਹਾਜ਼ਰ ਹੋਣ ਲਈ ਤਿਆਰੀਆਂ ਕੀਤੀਆਂ ਪਰ ਰਾਤ ਦਾ ਖਾਣਾ ਖਾਣ ਪਿਛੋਂ ਉਸ ਦੇ ਪੇਟ ਵਿੱਚ ਸੂਲ ਉਠਿਆ ਅਤੇ ਉਹ ਉਸੇ ਰਾਤ ਮਰ ਗਿਆ।

ਪ੍ਰਿਥੀਏ ਦੇ ਪੁੱਤਰ, ਮਿਹਰਬਾਨ ਨੇ ਆਪਣੇ ਪਿਤਾ ਦੀ ਮੌਤ ਪਿਛੋਂ ਜਰਾ ਢਿਲ ਨਾ ਕੀਤੀ ਚੰਦੂ ਨੂੰ ਖਬਰ ਦੇਣ ਵਿੱਚ। ਚੰਦੂ ਨੇ ਅੱਗੋਂ ਬਾਦਸ਼ਾਹ ਨੂੰ ਦੱਸਿਆ ਅਤੇ ਕਿਹਾ ਕਿ ਗੁਰੂ ਨੇ ਖੁਸਰੋ ਨੂੰ ਬਖਸ਼ਿਸ਼ ਕੀਤੀ ਸੀ ਅਤੇ ਇਕਰਾਰ ਕੀਤਾ ਸੀ ਕਿ ਖੁਸਰੋ ਬਾਦਸ਼ਾਹ ਬਣੇਗਾ। ਬਾਦਸ਼ਾਹ ਨੂੰ ਇਹ ਵੀ ਇਤਲਾਹ ਦਿਤੀ ਗਈ ਕਿ ਪੰਡਤ ਅਤੇ ਕਾਜ਼ੀ ਗੁਰੂ ਵਲੋਂ ਆਦਿ ਗ੍ਰੰਥ ਦੇ ਸੰਕਲਨ ਤੋਂ ਬਹੁਤ ਗੁੱਸੇ ਵਿੱਚ ਹਨ ਕਿਉਂਕਿ ਇਸ ਗ੍ਰੰਥ ਵਿੱਚ ਹਿੰਦੂਆਂ ਦੇ ਪੂਜਾ ਦੇ ਅਸੂਲਾਂ ਅਤੇ ਮੁਸਲਮਾਨਾਂ ਦੇ ਨਿਮਾਜ਼ ਅਤੇਰੋਜ਼ਿਆਂ ਦੀ ਬੇਅਦਬੀ ਕੀਤੀ ਹੋਈ ਹੈ। ਇਹੋ ਜੇਹੇ ਦੋਸ਼ ਦਸ ਕੇ ਚੰਦੂ ਨੇ ਬਾਦਸ਼ਾਹ ਨੂੰ ਮਨਾ ਲਿਆ ਕਿ ਗੁਰੂ ਅਰਜਨ ਨੂੰ ਹਾਜ਼ਰ ਹੋਣ ਲਈ ਹੁਕਮ ਭੇਜੇ।

ਬਾਦਸ਼ਾਹ ਜਹਾਂਗੀਰ ਨੇ ਆਪਣੀ ਸ੍ਵੈ-ਜੀਵਨੀ ਵਿੱਚ ਲਿਖਿਆ ਹੈ :

"ਗੋਇੰਦਵਾਲ ਵਿੱਚ, ਜੋ ਦਰਿਆ ਬਿਆਸ ਦੇ ਕੰਢੇ ਹੈ, ਅਰਜਨ ਨਾਮੀ ਇੱਕ ਹਿੰਦੂ, ਦਰਵੇਸ਼ਾਂ ਅਤੇ ਪਵਿਤਰਤਾ ਵਾਲੇ ਕਪੜੇ ਪਾਈ, ਰਹਿੰਦਾ ਹੈ ਅਤੇ ਸਿਧੇ-ਸਾਦੇ ਹਿੰਦੂਆਂ ਅਤੇ ਅਨਜਾਣ ਅਤੇ ਬੇਵਕੂਫ ਮੁਸਲਮਾਨਾਂ ਨੂੰ ਆਪਣੇ ਤੌਰ-ਤਰੀਕਿਆਂ ਨਾਲ ਵਸ ਵਿੱਚ ਕੀਤਾ ਹੋਇਆ ਸੀ ਜਿਨ੍ਹਾਂ ਨੇ ਉਸ ਦੀ ਮੁਤਬੱਰਕਤਾ ਦਾ ਢੋਹ ਉਚੀ ਤਰ੍ਹਾਂ ਦਾ ਵਜਾਇਆ ਹੋਇਆ ਸੀ। ਉਹ ਉਸ ਨੂੰ ਗੁਰੂ ਸੱਦਦੇ ਸਨ ਅਤੇ ਹਰ ਤਰ੍ਹਾਂ ਬੇਵਕੂਫ ਲੋਕ ਇਕੱਠੇ ਹੋ ਕੇ ਉਸ ਦੀ ਪੂਜਾ ਕਰਦੇ ਅਤੇ ਉਸ ਉਤੇ ਮੁਕੰਮਲ ਈਮਾਨ ਰਖਦੇ ਸਨ। ਤਿੰਨ ਜਾਂ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਹ ਦੁਕਾਨ ਗਰਮ ਰੱਖੀ ਹੋਈ ਸੀ। ਕਈ ਵਾਰ ਮੈਨੂੰ ਖਿਆਲ ਆਇਆ ਸੀ ਕਿ ਇਹ ਖੋਖਲੇ ਮਾਮਲੇ ਨੂੰ ਬੰਦ ਕੀਤਾ ਜਾਏ ਜਾਂ ਉਸ ਨੂੰ ਇਸਲਾਮ ਵਿੱਚ ਦਾਖਲ ਕੀਤਾ ਜਾਏ।

ਅਖੀਰ, ਜਦ ਖੁਸਰੋ ਇੱਕ ਰਸਤੇ ਤੋਂ ਲੰਘਿਆ ਤਾਂ ਇਸ ਮਾਮੂਲੀ ਆਦਮੀ ਨੇ ਉਸ ਨੂੰ ਮਿਲਣ ਦੀ ਤਜਵੀਜ਼ ਬਣਾਈ। ਖੁਸਰੋ ਇਤਫਾਕੀਆ ਉਸੇ ਥਾਂ ਠਹਿਰਿਆ ਜਿਥੇ ਇਹ ਰਹਿੰਦਾ ਸੀ, ਅਤੇ ਇਸ ਨੇ ਬਾਹਰ ਆ ਕੇ ਉਸ ਨੂੰ ਇਜ਼ਤ ਦਿਤੀ। ਇਸ ਨੇ ਖੁਸਰੋ ਨਾਲ ਕੁਝ ਖਾਸ ਤਰੀਕਿਆਂ ਨਾਲ ਵਰਤਾਉ ਕੀਤਾ ਅਤੇ ਉਸ ਦੇ ਮੱਥੇ ਤੇ ਕੇਸਰ ਦਾ ਉਂਗਲੀ ਨਾਲ ਨਿਸ਼ਾਨ ਲਗਾਇਆ ਜਿਸ ਨੂੰ ਹਿੰਦਸਤਾਨੀ ਲੋਕ ਕਸ਼ਕਾ ਕਹਿੰਦੇ ਹਨ ਮੁਤਬਰਕ ਮੰਨਦੇ ਹਨ। ਜਦ ਮੇਰੇ ਕੰਨਾਂ ਤਕ ਇਹ ਗੱਲ ਪਹੁੰਚੀ ਅਤੇ ਮੈਂ ਇਸ ਦੇ ਕੁਫਰ ਨੂੰ ਪੂਰੀ ਤਰ੍ਹਾਂ ਜਾਣ ਗਿਆ, ਮੈਂ ਹੁਕਮ ਦਿਤਾ ਕਿ ਇਸ ਨੂੰ ਮੇਰੇ ਅੱਗੇ ਪੇਸ਼ ਕੀਤਾ ਜਾਏ ਅਤੇ ਉਸ ਦੇ ਮਕਾਨ, ਰਿਹਾਇਸ਼ੀ ਜਗ੍ਹਾ ਅਤੇ ਬੱਚੇ ਮੁਤਰਜ਼ਾ ਖਾਨ (ਸ਼ੇਖ ਫਰੀਦ ਬੁਖਾਰੀ) ਦੇ ਹਵਾਲੇ ਕਰਵਾ ਕੇ ਅਤੇ ਇਸ ਦੀ ਜਾਇਦਾਦ ਜ਼ਬਤ ਕਰਾ ਕੇ ਮੈਂ ਹੁਕਮ ਦਿਤਾ ਕਿ ਇਸ ਨੂੰ ਤਸੀਹੇ ਦੇ ਕੇ ਮਾਰ ਦਿਤਾ ਜਾਏ।"

ਹੇਠ ਲਿਖੀਆਂ ਘਟਨਾਵਾਂ ਕਾਰਨ ਬਾਦਸ਼ਾਹ ਕੋਲ ਗੁਰੂ ਜੀ ਨੂੰ ਪੇਸ਼ ਕਰਨ ਦਾ ਹੁਕਮ ਅਤੇ ਅੰਤ ਸ਼ਹੀਦੀ ਹੋਈ ਸੀ :

ਪਹਿਲਾ, ਗੁਰੂ ਜੀ ਦਾ ਵੱਡਾ ਭਰਾ ਪ੍ਰਿਥੀਚੰਦ ਜਿਸ ਨੇ ਸਾਰੀ ਉਮਰ ਹਰ ਸੰਭਵ ਤਰੀਕੇ ਨਾਲ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਵਿੱਚ ਲਾ ਦਿਤੀ। ਦੂਜਾ, ਚੰਦੂ ਦਾ ਵੈਰ, ਉਸ ਦੀ ਧੀ ਦਾ ਗੁਰੂਜੀ ਦੇ ਸਪੁਤਰ ਨਾਲ ਨਾਤਾ ਨਾ ਹੋਣ ਕਾਰਨ, ਮੁਖ ਭੜਕਾਊ ਤੱਥ ਸਮਝਿਆ ਜਾਂਦਾ ਹੈ। ਇਹਨਾਂ ਦੋਹਾਂ ਮਨੁੱਖਾਂ ਨੇ ਅਪਾਣੇ ਦਿਲਾਂ ਵਿੱਚ ਈਰਖਾ ਨਾਲ ਖੁਸਰੋ ਦੀ ਕਹਾਣੀ ਨੂੰ ਘੜ ਕੇ ਬਾਦਸ਼ਾਹ ਜਹਾਂਗੀਰ ਦਾ ਗੁੱਸਾ ਭੜਕਾਇਆ, ਜਿਸ ਨੇ ਬਲਦੀ ਉਤੇ ਤੇਲ ਪਾ ਦਿਤਾ। ਇਹਨਾਂ ਹਾਲਾਤਾਂ ਦੇ ਨਾਲ ਨਾਲ ਗੁਰੂ ਜੀ ਦੇ ਵਧ ਰਹੇ ਪ੍ਰਭਾਵ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਭੀੜਾਂ ਦੀਆਂ ਭੀੜਾਂ ਦਾ ਸਿੱਖ ਧਰਮ ਵਿੱਚ ਪ੍ਰਵੇਸ਼ ਹੋਣ ਕਰਕੇ ਪੰਡਤਾਂ (ਬ੍ਰਾਹਮਣਾਂ) ਅਤੇ ਕਾਜ਼ੀਆਂ ਦੇ ਮਨਾਂ ਵਿੱਚ ਹਲਚਲ ਪੈਦਾ ਹੋ ਗਈ। ਆਦਿ ਗ੍ਰੰਥ ਦਾ ਸੰਪਾਦਨ ਦੂਜੇ ਧਰਮਾਂ ਨੂੰ ਗੰਭੀਰ ਧੱਕਾ ਸਮਝਿਆ ਗਿਆ। ਇਹਨਾਂ ਸਾਰੇ ਹਾਲਤਾ ਵੱਸ ਗੁਰੂ ਅਰਜਨ ਦੇਵ ਜੀ ਮੁਸਲਮਾਨ ਬਾਦਸ਼ਾਹ ਦੇ ਤੁਅੱਸਬ ਅਤੇ ਵਹਿਸ਼ੀਪੁਣੇ ਦਾ ਸ਼ਿਕਾਰ ਹੋਏ।

ਗੁਰੂ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਸਪੁੱਤਰ ਹਰਿਗੋਬਿੰਦ ਜੀ ਨੂੰ ਆਪਣਾ ਜਾਨਸ਼ੀਨ ਨਿਯੁਕਤ ਕਰ ਦਿਤਾ ਅਤੇ ਮੁਨਾਸਬ ਆਦੇਸ਼ ਦੇ ਦਿਤੇ। ਉਨ੍ਹਾਂ ਨੇ ਆਪਣੇ ਨਾਲ ਪੰਜ ਸਿੱਖ, ਭਾਈ ਬਿਧੀ ਚੰਦ, ਭਾਈ ਲੰਘਾਹਾ, ਭਾਈ ਪਿਆਰਾ, ਭਾਈ ਜੇਠਾ ਅਤੇ ਭਾਈ ਪਿਰਾਨਾ ਲੈ ਲਏ। ਕਈ ਲੇਖਕਾਂ ਦਾ ਕਹਿਣਾ ਹੈ ਕਿ ਗੁਰੂ ਜੀ ਦੇ ਲਾਹੌਰ ਪੁੱਜਣ ਤੋਂ ਪਹਿਲਾ ਬਾਦਸ਼ਾਹ ਜਹਾਂਗੀਰ ਕਸ਼ਮੀਰ ਚਲਾ ਗਿਆ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਕਿਹਾ ਸੀ, "ਤੂੰ ਇੱਕ ਦਰਵੇਸ਼, ਇੱਕ ਮਹਾਨ ਉਸਤਾਦ ਅਤੇ ਇੱਕ ਧਰਮਾਤਮਾ ਪੁਰਸ਼ ਹੈ ਅਤੇ ਅਮੀਰ ਅਤੇ ਗਰੀਬ, ਨੂੰ ਇਕੋ ਜੇਹੀ ਨਜ਼ਰ ਨਾਲ ਵੇਖਦਾ ਹੈਂ। ਇਸ ਕਰਕੇ ਤੈਨੂੰ ਮੇਰੇ ਦੁਸ਼ਮਨ ਖੁਸਰੋ ਨੂੰ ਰੁਪਿਆ ਪੈਸਾ ਦੇਣਾ ਮੁਨਾਸਬ ਨਹੀਂ ਸੀ।" ਗੁਰੂ ਜੀ ਨੇ ਉਤਰ ਦਿੱਤਾ, "ਮੈਂ ਸਭ ਲੋਕਾਂ ਨੂੰ, ਹਿੰਦੂ ਜਾਂ ਮੁਸਲਮਾਨ, ਅਮੀਰ ਜਾਂ ਗਰੀਬ, ਦੋਸਤ ਜਾ ਦੁਸ਼ਮਨ, ਬਰਾਬਰ ਦੇ ਸਮਝਦਾ ਹਾਂ, ਅਤੇ ਇਸੇ ਕਰਕੇ ਮੈਂ ਖੁਸਰੋ ਨੂੰ ਉਸ ਦੇ ਸਫਰ ਦੇ ਖਰਚਾਂ ਲਈ ਕੁਝ ਰਕਮ ਦਿਤੀ ਸੀ ਅਤੇ ਇਸ ਕਰਕੇ ਨਹੀਂ ਕਿ ਉਹ ਤੇਰਾ ਦੁਸ਼ਮਨ ਹੇ। ਜੇ ਮੈਂ ਉਸ ਦੀ ਬੇਸਹਾਰਾ ਹਾਲਤ ਵਿੱਚ ਮਦਦ ਕਰਕੇ ਤੇਰੇ ਪਿਤਾ, ਬਾਦਸ਼ਾਹ ਅਕਬਰ ਵਲੋਂ ਮੇਰੇ

ਤੇ ਕੀਤੀ ਮਿਹਰਬਾਨੀ ਦਾ ਆਦਰ ਨਾ ਕਰਦਾ ਤਾਂ ਸਭ ਲੋਕਾਂ ਨੇ ਮੇਰੀ ਪੱਥਰ ਦਿਲੀ ਅਤੇ ਨਾਸ਼ੁਕਰਗੁਜ਼ਾਰੀ ਲਈ ਮੈਨੂੰ ਬੁਰਾ ਕਹਿਣਾ ਸੀ ਜਾਂ ਉਹਨਾਂ ਨੇ ਸਮਝਣਾ ਸੀ ਕਿ ਮੈਂ ਤੇਰੇ ਕੋਲੋਂ ਡਰਦਾ ਹਾਂ। ਇਹ ਗੱਲ ਗੁਰੂ ਨਾਨਕ ਦੇ ਇੱਕ ਸ਼ਰਧਾਲੂ ਵਾਸਤੇ ਠੀਕ ਨਹੀਂ।"

ਗੁਰੂ ਜੀ ਦੇ ਉਤਰ ਨਾਲ ਜਹਾਂਗੀਰ ਦੀ ਤਸੱਲੀ ਨ ਹੋਹੀ ਅਤੇ ਉਸ ਨੇ ਗੁਰੂ ਜੀ ਨੂੰ ਦੋ ਲੱਖ ਰੁਪਿਆ ਜੁਰਮਾਨਾ ਦੇਣ ਅਤੇ ਆਦਿ ਗ੍ਰੰਥ ਵਿਚੋਂ ਹਿੰਦੂ ਅਤੇ ਮੁਸਲਿਮ ਧਰਮਾਂ ਦੇ ਵਿਰੋਧੀ ਸ਼ਬਦ ਮਿਟਾ ਦੇਣ ਦਾ ਹੁਕਮ ਦੇ ਦਿਤਾ। ਗੁਰੂ ਜੀ ਨੇ ਉਤਰ ਦਿਤਾ, "ਜੋ ਕੁਝ ਰੁਪਿਆ ਮੇਰੇ ਪਾਸ ਹੈ ਇਹ ਗਰੀਬਾਂ, ਬੇਸਹਾਰਾ ਅਤੇ ਅਤਿਥੀ ਲੋਕਾਂ ਵਾਸਤੇ ਹੈ। ਜੇ ਤੈਨੂੰ ਰੁਪਏ ਦੀ ਲੋੜ ਹੈ ਤਾਂ ਜੋ ਮੇਰੇ ਪਾਸ ਹੈ ਤੂੰ ਲੈ ਸਕਦਾ ਹੈਂ, ਪਰ ਜੇ ਤੂੰ ਜੁਰਮਾਨੇ ਦੇ ਤੌਰ ਤੇ ਮੰਗੇਂ ਤਾਂ ਮੈਂ ਤੈਨੂੰ ਇੱਕ ਕੌਡੀ ਵੀ ਨਹੀਂ ਦਿਆਂਗਾ ਕਿਉਂਕਿ ਜੁਰਮਾਨਾ ਬੇਈਮਾਨ ਦੁਨਿਆਵੀ ਲੋਕਾਂ ਉਤੇ ਲਾਇਆ ਜਾਂਦਾ ਹੈ, ਧਰਮਾਤਮਾ ਅਤੇ ਸੰਤ ਮਹਾਤਮਾ ਪੁਰਸ਼ਾਂ ਉਤੇ ਨਹੀਂ। ਆਦਿ ਗ੍ਰੰਥ ਵਿਚੋਂ ਸ਼ਬਦ ਕੱਢਣ ਬਾਰੇ, ਮੈਂ ਇਸ ਵਿੱਚ ਇੱਕ ਲਗ ਮਾਤਰਾ ਵੀ ਨਹੀਂ ਬਦਲ ਜਾਂ ਮਿਟਾ ਸਕਦਾ। ਮੈਂ ਅਕਾਲ ਪੁਰਖ ਦਾ ਪੁਜਾਰੀ ਹਾਂ। ਉਸ ਤੋਂ ਸਿਵਾ ਹੋਰ ਕੋਈ ਪਾਤਸ਼ਾਹ ਨਹੀਂ ਅਤੇ ਜੋ ਉਸ ਵਲੋਂ ਗੁਰੂਆਂ ਨੂੰਬਾਣੀ ਉਤਰੀ ਹੈ, ਗੁਰੂ ਨਾਨਕ ਜੀ ਤੋਂ ਲੈ ਕੇ ਗੁਰੂ ਰਾਮਦਾਸ ਜੀ ਤਕ, ਅਤੇ ਪਿਛੋਂ ਮੈਨੂੰ, ਇਹ ਇਹ ਪਵਿੱਤਰ ਗ੍ਰੰਥ ਵਿੱਚ ਲਿਖ ਦਿਤੀ ਹੈ। ਆਦਿ ਗ੍ਰੰਥ ਵਿੱਚ ਕੋਈ ਸ਼ਬਦ ਹਿੰਦੂ ਅਵਤਾਰਾਂ ਜਾਂ ਕਿਸੇ ਮੁਸਲਮਾਨ ਨੱਬੀ ਦਾ ਅਨਾਦਰ ਨਹੀਂ ਕਰਦਾ। ਇਸ ਵਿੱਚ ਯਕੀਨਨ ਲਿਖਿਆ ਹੈ ਕਿ ਪੈਗੰਬਰ, ਮਹਾਤਮਾ ਪੁਰਸ਼ ਅਤੇ ਅਵਤਾਰ ਇੱਕ ਅਕਾਲ ਪੁਰਖ ਦੇ ਬਣਾਏ ਹੋਏ ਹਨ ਜਿਸ ਦਾ ਕੋਈ ਅੰਤ ਨਹੀਂ ਜਾਣ ਸਕਦਾ। ਮੇਰਾ ਮੁਖ ਮੰਤਵ, ਸੱਚ ਫੈਲਾਉਣਾ ਅਤੇ ਝੂਠ ਦਾ ਨਾਸ ਕਰਨਾ ਹੈ। ਅਤੇ ਜੇ ਇਸ ਮੰਤਵ ਦੇ ਪੂਰਾ ਕਰਦਿਆਂ ਮੇਰਾ ਨਾਸਮਾਨ ਸਰੀਰ ਚਲਾ ਜਾਂਦਾ ਹੈ ਤਾਂ ਮੈਂ ਇਸ ਨੂੰ ਬਹੁਤ ਚੰਗੇ ਭਾਗ ਸਮਝਾਂਗਾ।"

ਬਾਦਸ਼ਾਹ ਪੰਜਾਬ ਤੋਂ ਚਲਾ ਗਿਆ ਅਤੇ ਗੁਰੂ ਜੀ ਨੂੰ ਚੰਦੂ ਦੀ ਨਿਗਰਾਨੀ ਹੇਠ ਛੱਡ ਗਿਆ। ਕਈ ਲੇਖਕ ਕਹਿੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕੇਵਲ ਮਾਲੀਆ ਨ ਦੇਣ ਦੀ ਆਮ ਸਜ਼ਾ ਹੀ ਸੀ, ਹੋਰ ਕੁਝ ਨਹੀਂ। ਜਾਪਦਾ ਹੈ ਕਿ ਇਹ ਲੇਖਕ ਸਿੱਖ ਧਰਮ ਤੋਂ ਬਿਲਕੁਲ ਅਨਜਾਣ ਹਨ। ਜਦ ਲਾਹੌਰ ਦੇ ਸਿੱਖਾਂ ਨੂੰ ਦੋ ਲੱਖ ਰੁਪਏ ਜੁਰਮਾਨੇ ਦਾ ਪਤਾ ਲਗਾ ਤਾਂ ਉਹਨਾ ਨੇ ਇਹ ਰੁਪਿਆ ਇਕੱਠਾ ਕਰਕੇ ਜੁਰਮਾਨਾ ਤਾਰ ਦੇਣ ਦਾ ਫੈਸਲਾ ਕੀਤਾ। ਗੁਰੂ ਜੀ ਨੇ ਸਿੱਖਾਂ ਨੂੰ ਸਖਤ ਤਾੜਨਾ ਕੀਤੀ ਕਿ ਜੇ ਕੋਈ ਇਸ ਤਰ੍ਹਾਂ ਜੁਰਮਾਨਾ ਤਾਰਨ ਲਈ ਰਕਮ ਦੇਵੇਗਾ ਉਹ ਮੇਰਾ ਸਿੱਖ ਨਹੀਂ ਹੋਵੇਗਾ। ਜਿਵੇਂ ਗੁਰੂ ਜੀ ਉਪਰ ਦਸੇ ਉਤਰ ਵਿੱਚ ਦਸਿਆ ਹੈ ਇਹ ਮਾਮਲਾ ਅਸੂਲ ਦਾ ਸੀ, ਦੋ ਲੱਖ ਰੁਪਏ ਦਾ ਨਹੀਂ ਜੋ ਅੱਖ ਦੇ ਫਰਕਣ ਦੇ ਸਮੇਂ ਦੇ ਅੰਦਰ ਅੰਦਰ ਇਕੱਠਾ ਹੋ ਸਕਦਾ ਸੀ। ਜੁਰਮਾਨੇ ਚੋਰਾਂ, ਡਾਕੂਆਂ, ਬਦਨਾਮ ਅਤੇ ਸ਼ੈਤਾਨ ਲੋਕਾਂ ਵਾਸਤੇਹੁੰਦੇ ਹਨ। ਜੋ ਇਹੋ ਜਿਹੇ ਲੋਕ ਨਹੀਂ ਅਤੇ ਧਰਮ ਵਿੱਚ ਸ਼ਰਧਾ ਰਖਦੇ ਹਨ ਉਹਨਾਂ ਵਾਸਤੇ ਨਹੀਂ। ਸੋ ਇਹ ਕਹਿਣਾ ਨਿਰਾਧਾਰ ਹੈ ਕਿ ਗੁਰੂ ਜੀ ਦੀ ਸ਼ਹੀਦੀ ਮਾਮਲਾ ਨ ਤਾਰਨ ਦੀ ਆਮ ਸਜ਼ਾ ਸੀ। ਕਾਜ਼ੀਆਂ ਅਤੇ ਬ੍ਰਾਹਮਣਾਂ ਨੇ ਪੇਸ਼ਕਸ਼ ਕੀਤੀ ਕਿ ਗੁਰੂ ਜੀ ਮੌਤ ਦੀ ਥਾਂ ਆਦਿ ਗ੍ਰੰਥ ਵਿਚੋਂ ਕਥਿਤ ਇਤਰਾਜ਼ਯੋਗ ਸ਼ਬਦ ਕੱਢ ਕੇ ਮੁਹੰਮਦ ਸਾਹਿਬ ਅਤੇ ਹਿੰਦੂ ਦੇਵਤਿਆਂ ਦੀ ਉਸਤਤੀ ਲਿਖ ਦੇਣ। ਗੁਰੂ ਜੀ ਆਪਣੇ ਵਿਚਾਰਾਂ ਤੋਂ ਜ਼ਰਾ ਵੀ ਨ ਬਦਲੇ।

ਗੁਰੂ ਅਰਜਨ ਦੇਵ ਜੀ ਨੂੰ ਗਰਮ ਗਰਮ ਲੋਅ ਉਤੇ ਬਿਠਾਇਆ ਗਿਆ ਅਤੇ ਉਤੋਂ ਨੰਗੇ ਸਰੀਰ ਉਤੇ ਸੜਦੀ ਰੇਤ ਪਾਈ ਗਈ। ਉਨ੍ਹਾਂ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾਇਆ ਗਿਆ। ਗੁਰੂ ਜੀ ਦਾ ਸਰੀਰ ਛਾਲਿਆਂ ਨਾਲ ਭਰ ਗਿਆ।

ਗੁਰੂ ਜੀ ਦਾ ਮਿੱਤਰ ਅਤੇ ਸ਼ਰਧਾਲੂ, ਮੀਆਂ ਮੀਰ, ਇੱਕ ਮੁਸਲਮਾਨ ਦਰਵੇਸ਼, ਗੁਰੂ ਜੀ ਨੂੰ ਵੇਖਣ ਲਈ ਦੌੜਿਆ ਆਇਆ। ਜਦ ਉਸ ਨੇ ਦਰਦਨਾਕ ਨਜ਼ਾਰਾ ਵੇਖਿਆ ਤਾਂ ਉਚੀ ਕੁਰਲਾਇਆ ਅਤੇ ਕਿਹਾ, "ਹੇ ਮਾਲਿਕ, ਆਪ ਉਤੇ ਐਨਾ ਕਹਿਰ ਹੁੰਦਾ ਮੈਂ ਦੇਖਣਾ ਬਰਦਾਸ਼ਤ ਨਹੀਂ ਕਰ ਸਕਦਾ। ਜੇ ਹੁਕਮ ਦਿਉ ਤਾਂ ਮੈਂ ਇਹ ਜ਼ਾਲਮ ਰਾਜ ਤਬਾਹ ਕਰ ਦਿਆਂ।"

ਗੁਰੂ ਜੀ ਮੁਸਕਰਾਏ ਅਤੇ ਮੀਆਂ ਮੀਰ ਨੂੰ ਉਤੇ ਅਸਮਾਨ ਵੱਲ ਵੇਖਣ ਲਈ ਕਿਹਾ। ਕਿਹਾ ਜਾਂਦਾ ਹੈ ਕਿ ਮੀਆਂ ਮੀਰ ਨੇ ਵੇਖਿਆ ਫਰਿਸ਼ਤੇ ਗੁਰੂ ਜੀ ਤੋਂ ਹੱਥ ਜੋੜ ਕੇ ਇਸ ਦੁਸ਼ਟ ਅਤੇ ਹੰਕਾਰੀ ਰਾਜ ਨੂੰ ਤਬਾਹ ਕਰ ਦੇਣ ਲਈ ਆਗਿਆ ਮੰਗ ਰਹੇ ਹਨ।

ਗੁਰੂ ਜੀ ਨੇ ਮੀਆਂ ਮੀਰ ਨੂੰ ਸੰਬੋਧਤ ਕੀਤਾ, "**ਮੀਆਂ ਮੀਰ, ਆਪ ਇਤਨੀ ਛੇਤੀ ਘਬਰਾ ਗਏ। ਇਹ ਮੇਰੇ ਮਾਲਕ (ਅਕਾਲ ਪੁਰਖ) ਦਾ ਹੁਕਮ ਹੈ ਅਤੇ ਮੈਂ ਖੁਸ਼ੀ ਨਾਲ ਪ੍ਰਵਾਨ ਕਰਕੇ ਉਸ ਦੇ ਮਿਠੇ ਭਾਣੇ ਅਗੇ ਸਿਰ ਝੁਕਾ ਰਿਹਾ ਹਾਂ।" ਗੁਰੂ ਜੀ ਨੇ ਫਿਰ ਇਹ ਸ਼ਬਦ ਦੁਹਰਾਇਆ ਅਤੇ ਇਸ ਅਨੁਸਾਰ ਕਰਕੇ ਮਿਸਾਲ ਪੈਦਾ ਕੀਤੀ** :

"ਤੇਰ ਕੀਆ ਮੀਠਾ ਲਾਗੈ।
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ।"

(ਆਸਾ ਮਹਲਾ ੫, ਪੰਨਾ ੩੯੪)

**ਗੁਰੂ ਜੀ ਨੇ ਇਹ ਕਸ਼ਟ ਸ਼ਾਂਤ ਚਿਤ ਰਹਿੰਦਿਆਂ ਸਹਿਨ ਕੀਤਾ ਅਤੇ ਕੋਈ ਹਉਕਾ ਨਹੀਂ ਭਰਿਆ ਜਾਂ ਚੀਸ ਨਹੀਂ ਮਨਾਈ। ਗੁਰੂ ਜੀ ਅਡੋਲ ਰਹੇ। ਉਹ ਸਾਗਰ ਵਾਂਗ ਅਹਿਲ ਅਤੇ ਗੰਭੀਰ ਰਹੇ। ਗੁਰੂ ਜੀ ਪੂਰਨ ਅਨੰਦ ਦੀ ਅਵਸਥਾ ਵਿੱਚ ਸਨ। ਇਹ ਅਕਾਲ ਪੁਰਖ ਦਾ ਚਮਤਕਾਰ ਸੀ—ਇੱਕ ਲਾਸਾਨੀ ਮਿਸਾਲ !**

ਮੀਆਂ ਮੀਰ ਨੇ ਪੁੱਛਿਆ, "**ਆਪ ਇਹ ਕਸ਼ਟ ਇਨ੍ਹਾਂ ਨੀਚ ਗੁਨਾਹਗਾਰਾਂ ਹੱਥੋਂ ਕਿਉਂ ਸਹਾਰ ਰਹੇ ਹੋ ਜਦ ਆਪ ਦੇ ਕੋਲ ਦੈਵੀ ਸ਼ਕਤੀਆਂ ਹਨ ?" ਗੁਰੂ ਜੀ ਨੇ ਉਤਰ ਦਿਤਾ, "ਮੈਂ ਇਹ ਸਭ ਕਸ਼ਟ ਸੱਚੇ ਨਾਮ ਦੇ ਉਪਦੇਸ਼ਕਾਂ ਲਈ ਇੱਕ ਮਿਸਾਲ ਕਾਇਮ ਕਰਨ ਲਈ ਸਹਿਨ ਕਰਨ ਰਿਹਾ ਹਾਂ ਕਿ ਉਹ ਦੁਖ ਵੇਲੇ ਸਬਰ ਨੂੰ ਹੱਥੋਂ ਨਾ ਛਡਣ ਜਾਂ ਬਿਪਤਾ ਸਮੇਂ ਅਕਾਲ ਪੁਰਖ ਨੂੰ ਦੁਰਵਚਨ ਨਾ ਬੋਲਣ। ਸ਼ਰਧਾ ਦੀ ਸੱਚੀ ਪਰਖ ਦੁਖ ਦਾ ਸਮਾਂ ਹੈ। ਉਹਨਾਂ ਗਾਡੀਰਾਹ ਦੇਣ ਵਾਲੀਆਂ ਮਿਸਾਲਾਂ ਬਿਨਾਂ ਸਾਧਾਰਨ ਲੋਕਾਂ ਦੇ ਮਨ ਕਸ਼ਟ ਸਮੇਂ ਹਿੰਮਤ ਹਾਰ ਜਾਂਦੇ ਹਨ।"** ਇਹ ਸੁਣ ਕੇ ਮੀਆਂ ਮੀਰ, ਗੁਰੂ ਜੀ ਦੀ ਸਹਿਨਸ਼ਕਤੀ ਦੀ ਸ਼ਲਾਘਾ ਕਰਦਿਆਂ ਅਤੇ ਉਨ੍ਹਾਂ ਦੀਆਂ ਵਡਿਆਈਆਂ ਗਾਉਂਦਿਆਂ ਚਲਾ ਗਿਆ।

ਗੁਰੂ ਜੀ ਨੂੰ ਫਿਰ ਵੈਰੀਆਂ ਦੀਆ ਮੰਗਾਂ ਮੰਨ ਲੈਣ ਲਈ ਪੁੱਛਿਆ ਗਿਆ। ਜਦ ਉਨ੍ਹਾਂ ਨੂੰ ਹੋਰ ਤਸੀਹੇ ਦੇਣ ਦੀ ਧਮਕੀ ਦਿਤੀ ਗਈ ਤਾਂ ਗੁਰੂ ਜੀ ਨੇ ਕਿਹਾ, "ਓ ਮੂਰਖੋ, ਮੈਂ ਤਸੀਹਾਂ ਤੋਂ ਕਦੀ ਨਹੀਂ ਡਰਾਂਗਾ। ਇਹ ਸਭ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਹੈ ਅਤੇ ਇਸੇ ਕਰਕੇ ਕੋਈ ਵੀ ਕਸ਼ਟ ਮੈਨੂੰ ਖੁਸ਼ੀ ਪ੍ਰਦਾਨ ਕਰੇਗਾ।" ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ।
ਕਾਟੀ ਬੇਰੀ ਪਗਹ ਤੇਗੁਰਿ ਕੀਨੀ ਬੰਦਿਖਲਾਸੁ।
ਆਵਣ ਜਾਣੁ ਰਹਿਓ। ਤਪਤ ਕੜਾਹਾ ਬੁਝਿ ਗਇਆ
ਗੁਰਿ ਸੀਤਲ ਨਾਮ ਦੀਓ। ਰਹਾਉ।
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ।
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ।
ਚੂਕਾ ਭਾਰਾ ਕਰਮ ਕਾ ਹੋਏ ਨਿਰਕਰਮਾ।
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ।
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ।
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ।"

(ਮਾਰੂ ਮਹਲਾ ੫, ਪੰਨਾ ੧੦੦੨)

ਚੰਦੂ ਨੇ ਸੋਚਿਆ ਕਿ ਗੁਰੂ ਜੀ ਨੂੰ ਗਊਦੀ ਇੱਕ ਤਾਜ਼ੀ ਖੱਲ ਵਿੱਚ ਪਾ ਕੇ ਸਿਉਂ ਦਿਤਾ ਜਾਵੇ ਜਿਸ ਵਿੱਚ ਸਾਹ ਘੁਟ ਕੇ ਇਨ੍ਹਾਂ ਦੀ ਮਿਰਤੂ ਹੋ ਜਾਏ। ਪਰ ਗੁਰੂ ਜੀ ਨੇ ਰਾਵੀ ਦਰਿਆ, ਜੋ ਲਾਹੌਰ ਸ਼ਹਿਰ ਦੀਆਂ ਕੰਧਾਂ ਨੂੰ ਛੋਂਹਦਾ ਵਗ ਰਿਹਾ ਸੀ, ਵਿੱਚ ਇਸ਼ਨਾਨ ਕਰਨ ਲਈ ਕਿਹਾ। ਚੰਦੂ ਬੜਾ ਖੁਸ਼ ਹੋਇਆ ਕਿ ਇਸਤਰ੍ਹਾਂ ਗੁਰੂ ਜੀ ਦਾ ਸਰੀਰ ਛਾਲਿਆਂ ਨਾਲ ਭਰਿਆ ਹੋਣ ਕਰਕੇ ਠੰਢੇ ਪਾਣੀ ਵਿੱਚ ਨਹਾਉਣ ਨਾਲ ਵਧੇਰੇ ਪੀੜਤ ਹੋਏਗਾ। ਸੋ ਉਸ ਨੇ ਗੁਰੂ ਜੀ ਨੂੰ ਦਰਿਆ ਵਿੱਚ ਇਸ਼ਨਾਨ ਕਰਨ ਲਈ ਸਹਿਮਤੀ ਦੇ ਦਿਤੀ। ਗੁਰੂ ਜੀ ਨਾਲ ਸਿਪਾਹੀ ਭੇਜੇ ਗਏ। ਗੁਰੂ ਜੀ ਦੇ ਸਿੱਖਾਂ ਨੇ ਉਨ੍ਹਾਂ ਵੱਲ ਤੱਕਿਆ। ਗੁਰੂ ਜੀ ਨੇ ਉਹਨਾਂ ਨੂੰ ਵੇਖਿਆ ਅਤੇ ਅਜੇ ਵੀ ਕੁਝ ਕਰਨ ਤੋਂ ਮਨ੍ਹਾਂ ਕਰ ਦਿਤਾ। ਗੁਰੂ ਜੀ ਨ ਬਚਨ ਕੀਤਾ, "ਇਹ ਮੇਰੇ ਅਕਾਲ ਪੁਰਖ ਦੀ ਰਜ਼ਾ ਹੈ, ਰੱਬੀ ਭਾਣੇ ਅੱਗੇ ਸਿਰ ਨਿਵਾਉ, ਅਹਿਲ ਰਹੋ ਅਤੇ ਸਭ ਕਲੇਸ਼ਾਂ ਵਿਰੁਧ ਸ਼ਾਤ ਰਹੋ।"

ਸਭ ਇਕੱਠੇ ਹੋ ਕੇ ਲੋਕਾਂ ਨੇ ਗੁਰੂ ਜੀ ਨੂੰ ਪਾਣੀ ਵਿੱਚ ਖੜੇ ਅਤੇ ਟੁੱਬੀ ਲਾਉਂਦਿਆਂ ਵੇਖਿਆ। **ਵੇਖਦਿਆਂ ਹੀ ਜੋਤਿ ਵਿੱਚ ਜੋਤਿ ਸਮਾ ਗਈ ਅਤੇ ਗੁਰੂ ਜੀ ਦਾ ਸਰੀਰ ਕਿਤੇ ਨਾ ਮਿਲਿਆ। ਸਤਿਗੁਰੂ ਜੀ, ਧੰਨ ਹੋ ! ਆਪ ਸਰਬੋਤਮ ਮਹਾਨ ਹੋ ! ਸ਼ਕਤੀਮਾਨ ਪਾਤਸ਼ਾਹ ਜੋਗ ਪ੍ਰਣਾਮ !**

ਇਹ ਜੇਠ ਸੁਦੀ ਚੌਥ ਦਾ ਦਿਨ ਸੀ, ਸੰਮਤ ੧੬੬੩ (੩੦ ਮਈ ਸੰਨ ੧੬੦੬ ਈ.)।

੧. ਗੁਰੂ ਸਾਹਿਬਾਨ ਦਾ ਐਨਾ ਉਚਾ ਮਾਣ ਆਦਰ ਸੀ ਕਿ ਧਰਮੀ ਲੋਕ ਕਈ ਵਾਰ ਖਿਆਲ ਕਰਦੇ ਕਿ ਉਹਨਾਂ ਦਾ ਫ਼ਰਜ਼ ਹੈ ਕਿ ਆਪਣੀਆਂ ਜਾਨਾਂ ਆਪਣੇ ਪਰਵਾਰ ਅਤੇ ਜਾਇਦਾਦ ਗੁਰੂ ਜੀ ਦੇ ਅਰਪਨ ਕਰ ਦੇਈਏ। ਕਈ ਸਿਖ ਆਪਣੀਆਂ ਪੁੱਤਰੀਆਂ ਦੇ ਜਨਮ ਵੇਲੇ ਹੀ ਪ੍ਰਣ ਕਰ ਲੈਂਦੇ ਕਿ ਇਹਨਾਂ ਨੂੰ ਗੁਰੂ ਜੀ ਜਾਂ ਗੁਰੂ ਜੀ ਦੇ ਸੰਬੰਧੀਆਂ ਜੋਗ ਹੀ ਅਰਪਨ ਕਰਨਾ ਹੈ। ਇਹਨਾਂ ਦਾ ਵਿਆਹ ਕਿਸੇ ਹੋਰ ਨਾਲ ਨਹੀਂ ਕਰਦੇ ਸਨ। ਸੋ ਗੁਰੂ ਜੀ ਸਿਖਾਂ ਦੀਆਂ ਇਛਾਵਾਂ ਅਤੇ ਪ੍ਰਤਿਗਿਆਵਾਂ ਪੂਰੀਆਂ ਕਰਨ ਲਈ ਆਪਣੇ ਆਪ ਨੂੰ ਮਜਬੂਰ ਸਮਝਦੇ ਸਨ।

੨. ਗੁਰੂ ਜੀ ਦੀ ਪਦਵੀ ਸਦਾ ਸਭ ਤੋ ਉਚੀ ਹੈ ਪਰ ਉਹ ਸੰਗਤ ਨੂੰ ਮਾਣ ਬਖਸ਼ਦੇ ਸਨ। ਕਿਹਾ ਜਾਂਦਾ ਹੈ ਕਿ ਗੁਰੂ ਵੀਹ ਬਿਸਵੇ ਅਤੇ ਸੰਗਤ ਇਕੀ ਬਿਸਵੇ। ਚੰਦੂ ਦਾ ਨਾਤਾ ਸੰਗਤ ਨੇ ਨਾਮਨਜ਼ੂਰ ਕੀਤਾ ਸੀ। ਸੋ ਸੰਗਤ ਨੇ ਫੈਸਲੇ ਨੂੰ ਪ੍ਰਵਾਨ ਕਰਨ ਲਈ ਗੁਰੂ ਜੀ ਮਜਬੂਰ ਸਨ।

੩. ਜਿਵੇਂ ਅਸੀਂ ਅਗੇ ਵੇਖਾਂਗੇ, ਜਹਾਂਗੀਰ ਨੇ ਲਿਖਿਆ ਕਿ ਗੁਰੂ ਜੀ ਨੇ ਖੁਸਰੋ ਦੇ ਮੱਥੇ ਤੇ ਕੇਬਰ ਦਾ ਟਿੱਕਾ ਲਾਇਆ ਸੀ ਜਿਸ ਦਾ ਮਤਲਬ ਸੀ ਕਿ ਗੁਰੂ ਜੀ ਨੇ ਖੁਸਰੇ ਨੂੰ ਬਾਦਸ਼ਾਹੀ ਦੀ ਬਖਸ਼ਿਸ਼ ਕੀਤੀ ਸੀ। ਇਹ ਸਚ ਨਹੀਂ ਸੀ। ਇਹ ਨਜ਼ਰ ਆਉਂਦਾ ਹੈ ਕਿ ਗੁਰੂ ਜੀ ਦੇ ਦੁਸ਼ਮਣਾਂ ਨੇ ਇਕ ਝੂਠੀ ਕਹਾਣੀ ਬਣਾਈ ਜਹਾਂਗੀਰ ਨੂੰ ਗੁਰੂ ਜੀ ਦੇ ਖਲਾਫ ਕਰਨ ਲਈ।